ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

ਕਲਿਜੁਗ ਮੇਂ ਸਤਿਜੁਗ ਵਰਤਾਊਂ॥ ਤਬੀ ਬਾਰਵਾਂ ਬਪੁ ਕਹਾਊਂ॥

www.sribhainisahib.com ਜਿਲਦ-23 ਨੰਬਰ-23

29 ਸਾਵਣ ਤੋਂ 3 ਭਾਦਰੋਂ 2072 - 13 to 19 August 2015 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 200

## ਅੰਮ੍ਰਿਤ ਬਚਨ
### ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ
### ਗਰੀਬ ਦੀ ਮਦਦ

ਤੁਹਾਡਾ ਇਹ ਫਰਜ਼ ਹੈ। ਗਰੀਬ ਦੀ ਮਦਦ ਕਰਨੀ ਸਤਿਗੁਰਾਂ ਨੇ ਸਭ ਤੋਂ ਵੱਡੀ ਗੱਲ ਕਹੀ ਹੈ। ਏਸ ਗੱਲ ਦਾ ਧਿਆਨ ਰੱਖਣਾ, ਇਹ ਬੜੀ ਜ਼ਰੂਰੀ ਚੀਜ਼ ਹੈ।



# ਸ੍ਰੀ ਸਤਿਗੁਰੂ ਜੀ ਦੇ ਆਸਟ੍ਰੇਲੀਆ ਵਿਖੇ ਵੱਖ-ਵੱਖ ਸ਼ਹਿਰਾਂ ਵਿੱਚ ਦਰਸ਼ਨ



ਬ੍ਰਿਸਬੇਨ



ਪਰਥ



ਸਿਡਨੀ



ਮੈਲਬਰਨ

# ਸ੍ਰੀ ਭੈਣੀ ਸਾਹਿਬ ਹੋਣ ਵਾਲੇ ਜਪ ਪ੍ਰਯੋਗ ਅਤੇ ਮੇਲੇ ਦੀਆਂ ਤਾਰੀਖਾਂ

ਸ੍ਰੀ ਭੈਣੀ ਸਾਹਿਬ:- ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿੱਚ ਹੋਣ ਵਾਲੇ ਤੀਸਰੇ ਜਪ ਪ੍ਰਯੋਗ ਦੌਰਾਨ ਸਾਧ-ਸੰਗਤ 17 ਸਤੰਬਰ 2015 ਤੋਂ ਪੂਰਾ ਇੱਕ ਮਹੀਨਾ ਲਗਾਤਾਰ ਇਲਾਹੀ ਦਰਸ਼ਨਾਂ ਦਾ ਅਨੰਦ ਮਾਣ ਸਕੇਗੀ। ਜਿਸ ਦਾ ਵੇਰਵਾ ਇਸ ਪ੍ਰਕਾਰ ਹੈ:-

ਜਪ ਪ੍ਰਯੋਗ ਆਰੰਭ : 17 ਸਤੰਬਰ 2015 (1 ਅੱਸੂ 2072) ਦਿਨ - ਵੀਰਵਾਰ
ਜਪ ਪ੍ਰਯੋਗ ਸਮਾਪਤੀ : 13 ਅਕਤੂਬਰ 2015 (27 ਅੱਸੂ 2072) ਦਿਨ - ਮੰਗਲਵਾਰ
ਮੇਲਾ : 14, 15, 16, 17 ਅਕਤੂਬਰ 2015 ( 28, 29, 30 ਅੱਸੂ ਅਤੇ 1 ਕੱਤਕ 2072) ਦਿਨ - ਬੁਧਵਾਰ, ਵੀਰਵਾਰ, ਸ਼ੁਕਰਵਾਰ, ਸ਼ਨੀਵਾਰ

ਨਾਮਧਾਰੀ ਸਾਧ-ਸੰਗਤ ਇਸ ਜਪ ਪ੍ਰਯੋਗ ਵਿੱਚ ਸਾਰਾ ਮਹੀਨਾ ਰੋਜਾਨਾਂ 8 ਘੰਟੇ ਨਾਮ ਸਿਮਰਨ-ਭਜਨ ਬੰਦਗੀ ਦੇ ਨਾਲ-ਨਾਲ ਕਥਾ ਕੀਰਤਨ ਦਾ ਲਾਹਾ ਵੀ ਲੈ ਸਕੇਗੀ।

## ਸੰਤ ਕਰਮ ਸਿੰਘ ਜੀ ਦੀ 74ਵੀਂ ਸਲਾਨਾ ਬਰਸੀ

ਹਿੰਮਤਪੁਰਾ: ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਆਗਿਆ ਅਨੁਸਾਰ ਸੰਤ ਕਰਮ ਸਿੰਘ ਜੀ ਦੀ 74ਵੀਂ ਸਲਾਨਾ ਬਰਸੀ 29, 30, 31 ਅਗਸਤ 2015 (13, 14, 15 ਭਾਦਰੋਂ 2072) ਦਿਨ ਸ਼ਨੀਵਾਰ, ਐਤਵਾਰ, ਸੋਮਵਾਰ ਨੂੰ ਪਿੰਡ ਹਿੰਮਤਪੁਰਾ (ਜ਼ਿਲਾ ਮੋਗਾ) ਵਿਖੇ ਮਨਾਈ ਜਾ ਰਹੀ ਹੈ। ਇਹ ਮੇਲਾ ਸੰਤ ਜੋਰਾ ਸਿੰਘ (ਡੇਰਾ ਪ੍ਰਬੰਧਕ) ਅਤੇ ਇਲਾਕੇ ਦੀ ਸੰਗਤ ਵਲੋਂ ਕੀਤਾ ਜਾਂਦਾ ਹੈ। ਸਮੂੰਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਮੇਲੇ ਵਿੱਚ ਹੁੰਮ-ਹੁੰਮਾ ਕੇ ਦਰਸ਼ਨ ਦੇਵੇਂ ਅਤੇ ਸਤਿਗੁਰੂ ਜੀ ਦੀਆ ਖ਼ੁਸ਼ੀਆਂ ਪ੍ਰਾਪਤ ਕਰੇ।


## ਸਤਿਗੁਰੂ ਜੀ ਦਾ ਆਸਟ੍ਰੇਲੀਆ ਦੇ ਸ਼ਹਿਰ ਬ੍ਰਿਸਬੇਨ ਦਾ ਦੌਰਾ

ਆਸਟ੍ਰੇਲੀਆ ਦੇ ਕਵੀਂਜ਼ਲੈਂਡ ਰਾਜ ਦੀ ਰਾਜਧਾਨੀ ਅਤੇ ਸਭ ਤੋਂ ਵੱਧ ਅਬਾਦੀ ਵਾਲਾ ਸ਼ਹਿਰ ਬ੍ਰਿਸਬੇਨ, ਆਸਟ੍ਰੇਲੀਆ ਦਾ ਤੀਸਰਾ ਵਡਾ ਆਬਾਦ ਸ਼ਹਿਰ ਹੈ ਇਸ ਦੀ ਕੁੱਲ ਆਬਾਦੀ 2.3 ਮਿਲੀਅਨ ਹੈ। ਬ੍ਰਿਸਬੇਨ ਤੁਰਬਲ ਅਤੇ ਜਾਗੇਗ ਲੋਕਾਂ ਦਾ ਪ੍ਰਾਚੀਨ ਪ੍ਰਦੇਸ ਆਸਟ੍ਰੇਲੀਆ ਦੇ ਪੁਰਾਣੇ ਸ਼ਹਿਰਾਂ ਵਿੱਚੋਂ ਇੱਕ ਹੈ। ਮੋਰੇਟਨ 'ਚ ਵਿਲੀਨ ਹੋਣ ਵਾਲੀ ਬ੍ਰਿਸਬੇਨ ਸ਼ਹਿਰ ਦੇ ਵਿਚਾਲੇ ਵਗਣ ਵਾਲੀ ਬ੍ਰਿਸਬੇਨ ਨਦੀ ਦਖਣ ਪੂਰਬ ਕਵਿੰਜ਼ਲੈਂਡ ਆਸਟ੍ਰੇਲੀਆ ਦੀ ਸਭ ਤੋਂ ਲੰਮੀ ਨਦੀ ਹੈ ਨਵ ਸਾਊਥ ਵੇਲ ਦੇ ਗਵਰਨਰ ਥਾਮਸ ਬ੍ਰਿਸਬੇਨ ਦੇ ਨਾਮ ਉੱਤੇ 1823 ਈ. ਵਿੱਚ ਪਹਿਲੇ ਯੂਰੋਪਿਅਨ ਸ੍ਰੀਮਾਨ ਜੋਹਨ ਆਕਸ ਲੇਅ ਨੇ ਇਸ ਨੂੰ ਜਗ ਜਾਹਰ ਕੀਤਾ।

(ਬਾਕੀ ਸਫਾ 7 'ਤੇ)

# ਪੰਜ ਭਾਦਰੋਂ – ਵਿਛੋੜੇ ਦੀ ਰਾਤ

**ਦੇਵਿੰਦਰ ਸਿੰਘ ਗਿਲ ਜੀਆ ਨੱਥਾ**



**ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ**

ਪੰਜ ਭਾਦਰੋਂ ਵਿਛੋੜੇ ਦੀ ਰਾਤ ਸੀ, ਕਿਉਂਕਿ ਉਸ ਰਾਤ ਅਟਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬ੍ਰਹਮਲੀਨ ਹੋਏ ਸਨ, ਦੇਹ ਦਾ ਓਹਲਾ ਕਰਕੇ ਗਏ ਸਨ ਅਤੇ ਰੋਂਦੀਆਂ, ਵਿਲਕਦੀਆਂ, ਕੁਰਲਾਉਂਦੀਆਂ ਸੰਗਤਾਂ ਨੂੰ ਛੱਡ ਗਏ ਸਨ। ਅਜੇ ਨਾਮਧਾਰੀ ਪੰਥ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਦਾ ਵਿਛੋੜਾ ਅਜੇ ਭੁਲਿਆ ਨਹੀਂ ਸੀ ਕਿ ਇਕ ਹੋਰ ਵਿਛੋੜਾ ਪੈ ਗਿਆ ਸੀ ਜੋ ਨਾਮਧਾਰੀ ਪੰਥ ਲਈ ਅਸਹਿ ਤੇ ਅਕਹਿ ਸੀ। ਅਟਲ ਪ੍ਰਤਾਪੀ ਸਤਿਗੁਰੂ ਜੀ ਨੇ ਨਾਮਧਾਰੀ ਪੰਥ ਦੀ ਉਨਤੀ ਅਤੇ ਭਵਿਖ ਵਿਚ ਹਰ ਪਖੋਂ ਯੋਗ ਹੋਣ ਲਈ ਲੰਮੀ ਜਦੋਂ ਜਹਿਦ ਕੀਤੀ ਸੀ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਸੁਤੰਤਰਤਾ ਸੰਗ੍ਰਾਮ ਵਾਲੇ ਮਿਸ਼ਨ ਨੂੰ ਅਗੇ ਤੋਰਦੇ ਹੋਏ ਦੂਜੇ ਦੇਸ਼ ਭਗਤਾਂ ਸੰਗ ਮਿਲਕੇ 1947 ਈਸਵੀ ਵਿਚ ਹਿੰਦੋਸਤਾਨ ਨੂੰ ਅੰਗਰੇਜ਼ ਤੋਂ ਆਜ਼ਾਦ ਕਰਾਇਆ ਸੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਭਲੀ ਪ੍ਰਕਾਰ ਜਾਣਦੇ ਸਨ ਕਿ ਦੇਸ਼ ਦੀ ਵੰਡ ਸਮੇਂ ਭਾਰੀ ਖੂਨ ਖਰਾਬਾ ਹੋਣਾ ਹੈ ਅਤੇ ਕੀਮਤੀ ਜਾਨਾਂ ਜਾਣਗੀਆਂ, ਲੱਖਾਂ ਕਰੋੜਾਂ ਦੀਆਂ ਜਾਇਦਾਦਾਂ ਤਬਾਹ ਹੋਣਗੀਆਂ। ਉਹਨਾਂ ਨੇ ਵਰਤਮਾਨ ਹਰਿਆਣਾ ਪ੍ਰਦੇਸ ਵਿਚ ਚੂਰੂ (ਰਾਜਸਥਾਨ) ਦੇ ਸੇਠਾਂ ਤੋਂ ਚੁੱਚਾਲ ਕੋਠੀ (ਵਰਤਮਾਨ ਸ੍ਰੀ ਜੀਵਨ ਨਗਰ) ਤੇ ਦੁਆਲੇ ਦੇ ਇਲਾਕਿਆਂ ਦੀ ਜ਼ਮੀਨ ਦੀ ਪਹਿਲਾਂ ਹੀ ਰਜਿਸਟਰੀ ਕਰਵਾ ਲਈ ਸੀ ਉਸ ਜ਼ਮੀਨ ਤੋਂ ਉਹਨਾਂ ਨੇ ਪਾਕਿਸਤਾਨ ਤੋਂ ਉਜੜ ਕੇ ਆਏ ਗੁਰੂ ਪਿਆਰੇ ਸਿੱਖ ਵਸਾਏ ਅਤੇ ਕਰਮ ਸਿੰਘ ਜਿਹੇ ਪਟਵਾਰੀ ਉਸ ਕੰਮ ਤੇ ਲਗਾਏ ਜਿਹਨਾਂ ਕੁਝ ਸਮੇਂ ਵਿਚ ਹੀ ਐਸਾ ਅਲਾਟਮੈਂਟ ਦਾ ਬੰਦੋਬਸਤ ਕੀਤਾ ਕਿ ਸਰਕਾਰੀ ਕਰਮਚਾਰੀ ਇਹ ਕੁਝ ਦੇਖ ਕੇ ਹੈਰਾਨ ਪਰੇਸ਼ਾਨ ਹੋ ਗਏ ਸਨ।

ਪ੍ਰਤਾਪ ਸਿੰਘ ਕੈਰੋਂ ਅਤੇ ਦੇਵੀ ਲਾਲ ਜਿਹੇ ਕਾਂਗਰਸੀ ਰਾਜਸੀ ਲੀਡਰ ਵੀ ਨਹੀਂ ਸਨ ਚਾਹੁੰਦੇ ਕਿ ਸ੍ਰੀ ਭੈਣੀ ਸਾਹਿਬ ਤੋਂ ਬਾਹਰ ਨਾਮਧਾਰੀਆਂ ਦਾ ਕੋਈ ਵਿਸ਼ਾਲ ਇਲਾਕਾ ਸਥਾਪਤ ਹੋਵੇ। ਉਹਨਾਂ ਨੂੰ ਆਪਣੀਆਂ ਕਰਤੂਤਾਂ ਹੀ ਟਿਕਣ ਨਹੀਂ ਸਨ ਦੇ ਰਹੀਆਂ। ਉਹ ਹਰ ਹਾਲਤ ਵਿਚ ਨਾਮਧਾਰੀਆਂ ਨੂੰ ਕਮਜ਼ੋਰ ਕਰਨਾ ਚਾਹੁੰਦੇ ਸਨ ਅਤੇ ਘਸੀਟਾ ਸਿੰਘ ਜਿਹੇ ਗੁਰੂ ਕੇ ਸਿੱਖ ਉਹਨਾਂ ਲੀਡਰਾਂ ਨੇ ਵਰਗਲਾ ਲਏ। ਉਹਨਾਂ ਨੂੰ ਕਈ ਪ੍ਰਕਾਰ ਦੇ ਲਾਲਚ ਦਿਤੇ ਗਏ। ਉਹਨਾਂ ਨੂੰ ਪੁੱਠੀ ਪੱਟੀ ਪੜ੍ਹਾਈ ਗਈ ਕਿ ਸਤਿਗੁਰਾਂ ਨੇ ਜ਼ਮੀਨਾਂ ਦੀ ਅਲਾਟਮੈਂਟ ਗਲਤ ਕਰਵਾਈ ਹੈ। ਸਮੇਂ ਸਮੇਂ ਕੁਝ ਸਿੱਖਾਂ ਤੋਂ ਸਤਿਗੁਰੂ ਦੇ ਖਿਲਾਫ ਸਰਕਾਰ ਕੋਲ ਅਰਜ਼ੀਆਂ ਦਿਵਾਈਆਂ, ਉਸ ਗਲਤ ਕਾਰਜ ਵਿਚ ਮਹਾਰਾਜ ਨਿਹਾਲ ਸਿੰਘ ਵੀ ਸ਼ਾਮਲ ਹੋ ਗਏ। ਮਹਾਰਾਜ ਨਿਹਾਲ ਸਿੰਘ ਵੀ ਸਰਕਾਰੀ ਬੋਲੀ ਬੋਲਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਨਾਮਧਾਰੀਆਂ ਨੂੰ ਖਬਰਦਾਰ ਕਰਦੇ ਅਤੇ ਸਰਕਾਰ ਦੀਆਂ ਹਰਕਤਾਂ ਤੋਂ ਜਾਣੂ ਕਰਵਾਉਂਦੇ ਤੇ ਉਹਨਾਂ ਨੂੰ ਇਕਠੇ ਰਹਿਣ ਦੀ ਪ੍ਰੇਰਣਾ ਕਰਦੇ ਸਨ। ਤਰਨ ਸਿੰਘ ਵਹਿਮੀ ਜੀ ਦੀ ਪੁਸਤਕ "ਜਸ ਜੀਵਨ" ਭਾਗ ਛੇਵਾਂ ਦੇ ਸਫਾ 66 ਤੇ ਇਸ ਪ੍ਰਕਾਰ ਲਿਖਦੇ ਹਨ :

"ਸਤਿਗੁਰੂ ਜੀ 5 ਜੇਠ ਸੰਤ ਨਗਰ ਬੰਗਲੇ, ਸਭ ਪਿੰਡਾਂ ਪੰਚਾਇਤਾਂ ਦੇ ਮੈਂਬਰ ਤੇ ਮੋਹਤਬਾਰ ਸੱਦੇ ਤੇ ਕਿਹਾ, 'ਤੁਸਾਂ ਗਾਫਲਧਾਰੀ ਹੋ ਤਾਂ ਉਪਾਧਾਂ ਵਧ ਰਹੀਆਂ ਹਨ। ਜੇ ਇਵੇਂ ਹੀ ਤੁਸੀਂ ਢਿਲੇ ਰਹੇ ਤਾਂ ਚੌਕੀਆਂ ਪੈ ਜਾਣਗੀਆਂ ਤੇ ਮੰਦਿਆਂ ਨਾਲ ਚੰਗੇ ਭੀ ਚਲੇ ਜਾਣਗੇ, ਸਰਕਾਰ ਅਗੇ ਹੀ ਸਖਤੀ ਕਰਨਾ ਚਾਹੁੰਦੀ ਹੈ। ਤੇ ਤੁਹਾਡੇ ਇਸ ਇਕਠੇ ਹੋ ਟਿਕਣ ਦਾ ਕਈ ਚੌਧਰੀਆਂ ਨੂੰ ਦੁੱਖ ਹੈ। ਉਹ ਭੀ ਮੌਕਾ ਤਾੜਦੇ ਤੇ ਤੁਹਾਨੂੰ ਪਾੜਦੇ ਹਨ। ਤੁਸੀਂ ਚੋਰੀਆਂ ਕਰਦੇ ਦਾੜੀਆਂ ਮੁੰਨਦੇ, ਸ਼ਰਾਬ ਪੀਣ ਵਾਲਿਆਂ ਦੀ ਸੰਗਤ ਕਰਦੇ ਸਿਖੀ ਵਲੋਂ ਮਰਦੇ ਜਾਂਦੇ ਹੋ। ਮੇਰੇ ਮੋੜਦਿਆਂ, ਉਚਾ ਚੁਕਦਿਆਂ, ਉਲਟੇ ਪਾਸੇ ਜਾਂਦੇ ਤੇ ਤਲੇ ਡਿਗਦੇ ਹੋ। ਤੁਸਾਂ ਰਿਆਸਤ ਬਣੀ ਦਾ ਭੜ ਭੰਨ ਲੈਣਾ ਹੈ, ਹੋਰਨਾਂ ਨੂੰ ਵਿਚ ਵੜਨ ਦਾ ਮੌਕਾ ਦੇ, ਤੁਸੀਂ ਮੇਰੇ ਆਖੇ ਲਗੋ, ਅਗੋਂ ਐਸੇ ਮੰਦੇ ਕਰਮਾਂ ਵਲੋਂ ਮੋੜਾ ਪਾਉ। ਮੈਂ ਹਾਕਮਾਂ ਨੂੰ ਸੱਚ ਦੱਸ ਕਿਸੇ ਨੂੰ ਕੈਦ ਨਹੀਂ ਹੋਣ ਦੇਵਾਂਗਾ ਤੇ ਸਚ ਦਸ ਅਗੋਂ ਮੁੜ ਜਾਣ ਦਾ ਨੇਮ ਕਰਨ ਵਾਲੇ ਨੂੰ ਕੋਈ ਕਰੜਾ ਡੰਨ ਨਹੀਂ ਲਾਵਾਂਗਾ। ਤੁਸੀਂ ਨਾਮਧਾਰੀ ਬਣ ਕੇ ਰਹੋ।"

ਸਤਿਗੁਰੂ ਜੀ, ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਰਾਵੀ ਤੋਂ ਪਾਰ ਆਏ ਸਾਰੇ ਸਿਖਾਂ ਨੂੰ ਇਕ ਜਗ੍ਹਾ ਵਸਾ ਕੇ ਨਾਮਧਾਰੀ ਰਿਆਸਤ ਵਰਗਾ ਇਲਾਕਾ ਵਸਾਉਣਾ ਚਾਹੁੰਦੇ ਸਨ। ਪ੍ਰੰਤੂ ਅਕਾਲ ਪੁਰਖ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਜਿਉਂ ਜਿਉਂ ਸਤਿਗੁਰੂ ਜੀ ਕੋਸ਼ਿਸ਼ਾਂ ਕਰਦੇ ਅਤੇ ਸਿੱਖਾਂ ਲਈ ਭੱਜ ਨੱਸ ਕਰਦੇ ਤਿਉਂ ਤਿਉਂ ਤਾਣੀ ਉਲਝਦੀ ਜਾਂਦੀ ਸੀ। ਜ਼ਮੀਨਾਂ ਦੀ ਅਲਾਟਮੈਂਟ ਅਤੇ ਹੋਰ ਨਿੱਕੀਆਂ ਨਿੱਕੀਆਂ ਘਟਨਾਵਾਂ ਕਾਰਨ ਸਿਖਾਂ ਵਿਚ ਖਿਚੋਤਾਣੀ ਵਧਦੀ ਜਾਂਦੀ ਸੀ।28 ਵੈਸਾਖ 2012 ਬਿਕਰਮੀ ਨੂੰ ਲਾਭ ਸਿੰਘ ਕੱਕੇ ਦਾ ਕਤਲ ਹੋ ਗਿਆ ਜੋ ਕੰਧਾਰਾ ਸਿੰਘ ਨੇ ਕੀਤਾ ਸੀ। ਕਾਰਨ ਇਹ ਸੀ ਕਿ ਲਾਭ ਸਿੰਘ ਕੱਕਾ ਉਸਦੀ ਝੋਟੀ ਅਤੇ ਮੱਝ ਨਹੀਂ ਸੀ ਮੋੜਦਾ।

ਗਲ ਥਾਣੇ ਤਕ ਪਹੁੰਚ ਗਈ ਤਾਂ ਘਸੀਟਾ ਸਿੰਘ, ਕੰਧਾਰਾ ਸਿੰਘ ਦੇ ਨਾਲ ਛੋਟੇ ਬਾਬਾ (ਮਹਾਰਾਜ ਬੀਰ ਸਿੰਘ) ਦਾ ਨਾਮ ਵੀ ਲਿਖਵਾਏ ਪ੍ਰੰਤੂ ਕੰਧਾਰਾ ਸਿੰਘ ਮੰਨ ਗਿਆ ਕਿ ਉਸਨੇ ਇਕਲੇ ਨੇ ਹੀ ਇਹ ਕਤਲ ਕੀਤਾ ਹੈ। ਇਹ ਕਲੇਸ਼ ਦਿਨੋਂ ਦਿਨ ਵਧ ਰਹੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਕੋਸ਼ਿਸ਼ਾਂ ਨਾਕਾਮ ਹੋ ਰਹੀਆਂ ਸਨ, ਘਸੀਟਾ ਸਿੰਘ ਦਿਨੋ ਦਿਨ ਵਾਧੇ ਕਰ ਰਿਹਾ ਸੀ। ਸਤਿਗੁਰੂ ਜੀ ਦੇ ਖਿਲਾਫ ਵੀ ਬੋਲ ਕੁਬੋਲ ਬੋਲ ਜਾਂਦਾ ਸੀ। ਕਿਸੇ ਵਿਚ ਵੀ ਜੁਰਅਤ ਨਹੀਂ ਸੀ ਕਿ ਉਸਨੂੰ ਕੋਈ ਨੱਥ ਪਾਵੇ।

ਇਸ ਤੋਂ ਬਾਅਦ 18 ਹਾੜ 2015 ਬਿ. 2 ਜੁਲਾਈ 1958 ਈਸਵੀ ਨੂੰ ਕੰਧਾਰਾ ਸਿੰਘ ਨੇ ਘਸੀਟਾ ਸਿੰਘ ਦਾ ਵੀ ਕਤਲ ਕਰ ਦਿਤਾ। "ਜਸ ਜੀਵਨ" ਪੁਸਤਕ ਦੇ ਛੇਵਾਂ ਭਾਗ ਸਫਾ

(ਬਾਕੀ ਸਫਾ 4 'ਤੇ)

# ਸਤਿਗੁਰੂ ਜੀ ਦੇ ਦਰਸ਼ਨਾਂ ਨਮਿਤ ਅਖੰਡ ਪਾਠ

**ਹੇਜ਼ 2 ਅਗਸਤ**–ਐਜ ਐਤਵਾਰ ਯੂ. ਕੇ. ਦੇ ਇਸ ਨਗਰ ਵਿਚ ਪੂਰਨ ਗੁਰ ਮਰਯਾਦਾ ਅਨੁਸਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਕੀਤੇ ਗਏ ਸ੍ਰੀ ਅਖੰਡ ਪਾਠ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦਾ ਭੋਗ ਪਾਇਆ ਗਿਆ। ਇਹ ਪਾਠ ਕਰਵਾਉਣ ਲਈ ਸੂਬਾ ਕੁਲਦੀਪ ਸਿੰਘ ਚਾਨਾ ਨੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਤੋਂ ਅਰਜ਼ ਕਰਕੇ ਪ੍ਰਵਾਨਗੀ ਲਈ ਹੋਈ ਸੀ। ਭੋਗ ਤੋਂ ਬਾਅਦ ਕੀਰਤਨ ਹੋਇਆ ਅਤੇ ਸਤਿਗੁਰੂ ਜੀ ਦੇ ਪ੍ਰਦੇਸ ਗਵਨ ਅਤੇ ਅਖੰਡ ਪਾਠ ਸਾਹਿਬ ਦੀ ਮਰਯਾਦਾ ਸੰਬੰਧੀ ਜਾਣਕਾਰੀ ਦਿੱਤੀ ਗਈ।



**ਅਖੰਡ ਪਾਠ ਦੀ ਸਮਾਪਤੀ ਬਾਅਦ ਸੰਤ ਸਰਬਤਜੀਤ ਸਿੰਘ, ਬੀਬੀ ਜਗਦੀਸ਼ ਕੌਰ ਚਾਨਾ, ਪਵਨਜੀਤ ਕੌਰ ਉਭੀ, ਕੁਲਵੰਤ ਸਿੰਘ ਭੋਗਲ, ਅਨੁਰੀਤ ਕੌਰ ਹੰਸਪਾਲ, ਪ੍ਰਭਜੋਤ ਕੌਰ ਚਾਨਾ ਸ਼ਬਦ ਗਾਇਨ ਕਰਦੇ ਹੋਏ।**

ਸ਼ੁਕਰਵਾਰ, ਅਖੰਡ ਪਾਠ ਸਾਹਿਬ ਦੇ ਆਰੰਭ ਹੋਣ ਤੋਂ ਪਹਿਲਾਂ ਪਰਵਾਰ ਦੇ ਆਮ੍ਹਣੇ – ਸਾਮ੍ਹਣੇ ਦੋਹਾਂ ਘਰਾਂ ਦਾ ਵਾਤਾਵਰਨ ਦੈਵੀ ਤੇ ਗੁਰਸਿਖੀ ਵਾਲਾ ਸੀ। ਰਾਗੀ ਸਤਵਿੰਦਰ ਸਿੰਘ ਭੋਗਲ ਦੇ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਬੀਬੀਆਂ ਨੇ ਸਤਿਗੁਰ ਦੇ ਰੰਗ ਵਿਚ ਰੰਗੀਜ ਕੇ ਕੀਰਤਨ ਕੀਤਾ। ਇਹਨਾਂ ਕੋਲ ਢੋਲਕੀ ਸੀ, ਵਾਜਾ ਭੋਗਲ ਹੁਰਾਂ ਵਜਾਇਆ ਅਤੇ ਛੈਣਿਆਂ ਦਾ ਕੰਮ ਉਹਨਾਂ ਕੋਲੀਆਂ ਬਾਟੀਆਂ ਤੋਂ ਲਿਆ। ਉਹ ਗਾਉਣ

***ਪ੍ਰਭ ਕੀਜੈ ਕ੍ਰਿਪਾ ਨਿਧਾਨ ਹਮ ਹਰਿ ਗੁਨ ਗਾਵਹਗੇ।।***

ਸੰਤ ਬਲਕਾਰ ਸਿੰਘ ਨੇ ਸੂਬਾ ਕੁਲਦੀਪ ਸਿੰਘ ਚਾਨਾ ਦੇ ਮਾਤਾ ਜੀ ਹਰਜਿੰਦਰ ਕੌਰ ਤੇ ਨੈਰੋਬੀ ਦੀਆਂ ਬੀਬੀਆਂ ਦੀ ਭਾਵਨਾ ਦਸੀ ਉਹ ਸਤਿਗੁਰੂ ਜੀ ਨੂੰ ਆਪਣੀ ਅਰਜ਼ ਮਨਾ ਲੈਂਦੀਆਂ ਸਨ। ਉਹਨਾਂ ਦਸਿਆ, ਇਕ ਵਾਰ ਕੀਨੀਆ ਦੇ ਦੌਰੇ ਉਹ ਸੇਵਕ ਸਨ। ਸਤਿਗੁਰੂ ਜਗਜੀਤ ਸਿੰਘ ਜੀ, ਪੰਡਤ ਗੁਪਾਲ ਸਿੰਘ ਤੇ ਮੈਂ ਹਵਾਈ ਜਹਾਜ਼ ਤੇ ਭਾਰਤ ਵਾਪਸ ਆਉਣਾ ਸੀ। ਬਾਕੀ ਸੇਵਕ ਤੇ ਕੀਰਤਨੀਏ ਸਮੁੰਦਰੀ ਜਹਾਜ਼ ਰਾਹੀਂ ਭੇਜੇ ਗਏ। ਬੀਬੀਆਂ ਨੇ ਸਤਿਗੁਰੂ ਜੀ ਨੂੰ ਕੁਝ ਦਿਨ ਹੋਰ ਦਰਸ਼ਨ ਦੇਣ ਲਈ ਅਰਜ਼ ਕੀਤੀ। ਆਪ ਜੀ ਨੇ ਬਚਨ ਕੀਤਾ, " ਬਲਕਾਰ ਨੂੰ ਪੁੱਛ ਲਉ।" ਸਾਨੂੰ ਕਾਹਲ ਸੀ, ਪਰ ਬੀਬੀਆਂ, 20-25 ਰਹਿ ਗਈਆਂ ਸਨ-ਬਲਕਾਰ ਨਾ ਜਾਉ, ਅਸੀਂ ਨਹੀਂ ਜਾਣ ਦੇਣਾ, ਸਤਿਗੁਰੂ ਜੀ ਦੇ ਦਰਸ਼ਨਾਂ ਦਾ ਲਾਹਾ ਹੋਰ ਲੈਣਾ ਹੈ।" ਮੈਂ ਨਾ, ਹੀ ਨਾ ਕਹਾਂ। ਅਸੀਂ ਹਵਾਈ ਅੱਡੇ ਪਹੁੰਚ ਗਏ, ਬੀਬੀਆਂ ਮਗਰ ਮਗਰ, ਸਾਡਾ ਸਮਾਨ ਤੁੱਲ ਕੇ ਅੰਦਰ ਚਲਾ ਗਿਆ। ਸਤਿਗੁਰੂ ਜੀ ਤੇ ਅਸੀਂ ਜਹਾਜ਼ ਉਡੀਕ ਰਹੇ ਸਾਂ ਜੋ ਤਨਜ਼ਾਨੀਆਂ ਤੋਂ ਆਉਣਾ ਸੀ। ਬੀਬੀਆਂ ਦੀ ਇੱਕ ਰੱਟ ਸੀ, ਨਾ ਜਾਓ, ਨਾ ਜਾਓ। ਨਹੀਂ ਜਾਣ ਦੇਣਾ ਬਿਲਕੁਲ ਨਹੀਂ ਜਾਣ ਦੇਣਾ। ਮੈਂ ਚੁਪ ਕਰਾਵਾਂ, ਉਹ ਨਾ ਸੁਣਨ। ਸਤਿਗੁਰੂ ਜੀ ਸ਼ਾਂਤ ਬੈਠੇ ਮੁਸਕਰਾਉਣ। ਏਨੇ ਚਿਰ ਨੂੰ ਅਨਾਊਂਸਮੈਂਟ ਹੋਈ, "ਜਹਾਜ਼ ਨਹੀਂ ਆ ਰਿਹਾ। ਉਹ ਖਰਾਬ ਹੋ ਗਿਆ ਹੈ। ਆਪਣਾ ਆਪਣਾ ਸਮਾਨ ਲੈ ਜਾਓ।" ਬੀਬੀਆਂ ਬਹੁਤ ਪ੍ਰਸੰਨ, ਉਹ ਜੈਕਾਰੇ ਛੱਡਣ ਮੈਂ ਚੁੱਪ। ਜਹਾਜ਼ ਉਦੋਂ ਘੱਟ ਸਨ। ਪੰਜਵੇਂ ਦਿਨ ਵਾਪਸੀ ਬਣੀ, ਮੇਲਾ ਬਣ ਗਿਆ। ਸਤਿਗੁਰੂ ਜੀ ਨੇ ਬੀਬੀਆਂ ਕੋਲ ਖੁਦ ਜਾ ਕੇ ਬਚਨ ਕੀਤਾ, "ਮਾਈਓ, ਹੁਣ ਜਾਈਏ, ਛੁੱਟੀਆਂ।" ਬੀਬੀਆਂ ਨੇ ਚਰਨੀਂ ਹੱਥ ਲਾ ਕੇ ਬਖਸ਼ਸ਼ ਮੰਗੀ।

ਸੂਬਾ ਜੀ ਨੇ, ਸੰਤ ਜੀ ਦੇ ਬਚਨ ਦੀ ਪ੍ਰੋੜਤਾ ਕੀਤੀ ਤੇ ਦੱਸਿਆ, ਇਕ ਹੋਰ ਦੌਰੇ ਸਮੇਂ ਮਾਂ ਜੀ, ਸਤਿਗੁਰੂ ਜੀ ਲਈ ਚੋਆਵਾਂ ਗੋਕਾ ਦੁੱਧ ਲੈਣ ਗਏ ਹੋਏ ਸਨ। ਕਿਸੇ ਨੇ ਆ ਕੇ ਦੱਸਿਆ ਕਿ ਜਿੰਦਰ ਸਤਿਗੁਰੂ ਜੀ ਗਏ, ਤੂੰ ਦੁੱਧ ਕਿਸ ਲਈ ਲੈ ਜਾ ਰਹੀ ਹੈਂ। ਉਸ ਕਿਹਾ, "ਇੰਜ ਕਿਵੇਂ ਚਲੇ ਜਾਣਗੇ ਦੁੱਧ ਪੀਤੇ ਬਿਨਾਂ। ਘਰ ਆ ਕੇ ਉਹਨਾਂ ਵੇਖਿਆ, ਸਤਿਗੁਰੂ ਜੀ ਬੈਠੇ ਹੋਏ ਸਨ ਕਿਉਂਕਿ ਜਹਾਜ਼ ਲੇਟ ਹੋ ਗਿਆ ਸੀ। ਆਪ ਜੀ ਨੇ ਦੁੱਧ ਛਕਿਆ ਤੇ ਬਚਨ ਕੀਤਾ, "ਬੀਬੀ ਹੁਣ ਜਾਵਾਂ ?"

ਇਹ ਬੀਬੀਆਂ ਦੀ ਮਸਤੀ ਨਾਲ ਰਬ ਨੂੰ ਵਸ ਕਰਨ ਦੀ ਗੱਲ ਹੈ।

ਰਾਤੀਂ ਕੀਰਤਨ ਤੇ ਅਗਲੇ ਦਿਨ ਸਨਿਚਰਵਾਰ ਵਾਰ ਰਾਗੀ ਭੋਗਲ ਵਲੋਂ ਸੀ। ਸ਼ਾਮ ਦਾ ਕੀਰਤਨ ਵੀ। ਪਹਿਲੀ ਅਗਸਤ ਨੂੰ ਭਾਵੇਂ ਸਾਊਥਾਲ ਸੈਂਟਰ ਵਿਚ ਹਫਤਾਵਾਰੀ ਪ੍ਰੋਗਰਾਮ ਸੀ ਫਿਰ ਵੀ ਸੰਗਤ ਨੇ ਓਧਰੋਂ ਆਕੇ ਇਥੇ ਰੌਣਕ ਕੀਤੀ।

2 ਅਗਸਤ ਨੂੰ ਪਹਿਲਾਂ ਆਸਾ ਦੀ ਵਾਰ ਦਾ ਕੀਰਤਨ ਉਸਤਾਦ ਹਰਭਜਨ ਸਿੰਘ ਦੇ ਜਥੇ, ਉਹਨਾਂ ਨਾਲ ਭੋਗਲ, ਸਰਬਜੀਤ ਸਿੰਘ, ਕੁਲਵੰਤ ਸਿੰਘ ਨੇ ਕੀਤਾ। ਫਿਰ ਅਖੰਡ ਪਾਠ ਦੀ ਸਮਾਪਤੀ ਦੀ ਅਰਦਾਸ ਹੋਈ। ਫਿਰ ਬੀਬੀਆਂ ਪਵਨਜੀਤ ਕੌਰ, ਪ੍ਰਭਜੋਤ ਕੌਰ, ਜਗਦੀਸ਼ ਕੌਰ, ਅਨੁਰੀਤ ਕੌਰ ਤੇ ਹਰਕੀਰਤ ਕੌਰ ਨੇ ਸ਼ਬਦ ਗਾਇਨ ਕੀਤੇ। ਉਸਤਾਦ ਹਰਭਜਨ ਸਿੰਘ ਦੇ ਜਥੇ ਨੇ ਬੀਬੀਆਂ ਦੇ ਬੰਨ੍ਹੇ ਰੰਗ ਰਸ ਨੂੰ ਦੁਬਾਲਾ ਕੀਤਾ। ਤਬਲੇ ਤੇ ਸਾਥ ਦਿੰਦੇ ਰਹੇ ਸੰਤ ਸਰਬਜੀਤ ਸਿੰਘ ਤੇ ਸੰਤ ਕੁਲਵੰਤ ਸਿੰਘ। ਇਕ ਸ਼ਬਦ ਸੀ–

***ਮੈਂ ਬਉਰੀ ਮੇਰਾ ਰਾਮੁ ਭਤਾਰੁ।।***

ਉਸ ਸਮੇਂ ਰਾਮ ਭਤਾਰ ਦੇ ਪ੍ਰਦੇਸ ਗਵਨ ਸੰਬੰਧੀ ਤਾਰਾ ਸਿੰਘ ਅਨਜਾਣ ਨੇ ਢੁਕਵੇਂ ਵੇਰਵੇ ਦਿਤੇ। ਪਰਵਾਰ ਵਲੋਂ ਸੂਬਾ ਜੀ ਤੇ ਸ. ਸਤਿਨਾਮ ਸਿੰਘ ਹੱਥੀਂ ਇਨੀਂ ਦੋ ਦਿਨੀਂ ਪਾਠੀਆਂ ਦੀਆਂ ਵੱਖ ਵੱਖ ਸੇਵਾਵਾਂ ਨਿਭਾਉਣ ਵਾਲਿਆਂ ਦਾ ਮਾਣ ਸਤਿਕਾਰ ਕੀਤਾ ਗਿਆ। ਸੰਗਤ ਦੇ ਸਕੱਤਰ ਅਜੀਤ ਸਿੰਘ ਤੇ ਸੰਤ ਗੁਰਤੇਜਪਾਲ ਸਿੰਘ ਨੇ ਸਮੂਹ ਸਹਿਯੋਗੀਆਂ ਤੇ ਸੰਗਤਾਂ ਦਾ ਧੰਨਵਾਦ ਕੀਤਾ। ■

# ਪ੍ਰਵਚਨ

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਮਨ ਨੂੰ ਆਪਣੇ ਵਸ ਕਰੋ



*ਮਨ ਨੂੰ ਜੇ ਆਪਣੇਂ ਵਸ ਵਿਚ ਕਰ ਲਈਏ, ਤਾਂ ਕਿਸੇ ਵੀ ਚੀਜ਼ ਦੀ ਪ੍ਰਾਪਤੀ ਔਖੀ ਨਹੀਂ, ਫੇਰ ਇਸ ਨੂੰ ਵਸ ਕਿਉਂ ਨਾ ਕਰੀਏ। ਅਕਾਲ ਪੁਰਖ ਈਸ਼ਵਰ ਦੀ ਪ੍ਰਾਪਤੀ ਏਡੀ ਔਖੀ ਪ੍ਰਾਪਤੀ ਹੈ, ਜਿਸ ਬਾਰੇ ਲਿਖਿਆ ਹੈ–*

***ਹਰਿ ਕੀ ਗਤਿ ਨਹਿ ਕੋਊ ਜਾਨੈ।।***
***ਜੋਗੀ ਜਤੀ ਤਪੀ ਪਚਿਹਾਰੇ ਅਰੁ ਬਹੁ ਲੋਗ ਸਿਆਨੇ।।***

*ਏਡੀ ਵੱਡੀ ਚੀਜ਼ ਦੀ ਪ੍ਰਾਪਤੀ ਜਦੋਂ ਹੋ ਜਾਂਦੀ ਏ ਤਾਂ ਦੂਜੀਆਂ ਚੀਜ਼ਾਂ ਏਸ ਤੋਂ ਬਹੁਤ ਹੇਠਾਂ ਰਹਿ ਜਾਂਦੀਆਂ ਨੇ। ਉਹ ਏਸ ਤੋਂ ਘੱਟ ਇਕਾਗਰਤਾ ਨਾਲ ਵੀ ਪ੍ਰਾਪਤ ਹੋ ਸਕਦੀਆਂ ਨੇ। ਹੋਰ ਕਿਹੜੀ ਚੀਜ਼ ਏ ਜਿਹੜੀ ਲਾਂਭੇ ਰਹਿ ਜਾਵੇਗੀ। ਇਹ ਕੋਸ਼ਿਸ਼ ਕਰਿਆ ਕਰੋ।*

# ਗੁਰ-ਉਪਦੇਸ਼

# ਸ੍ਰੀ ਸਤਿਗੁਰੂ ਉਦੈ ਸਿੰਘ ਜੀ

## ਸੱਚੇ ਪਾਤਸ਼ਾਹ ਕਦੇ ਵੀ ਸਾਡੇ ਤੋਂ ਦੂਰ ਹੈ ਹੀ ਨਹੀਂ



*ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਇਸ ਤਰ੍ਹਾਂ ਹੀ ਆਪਣੀ ਕਿਰਪਾ ਬਣਾਈ ਰੱਖਣ ਮੈਨੂੰ ਇਹ ਸੁਣ ਕੇ ਵੀ ਬੜੀ ਖੁਸ਼ੀ ਹੋਈ ਏ, ਬੱਚਿਆਂ ਨਾਲ ਗੱਲ ਕਰਦਿਆਂ ਉਹਨਾਂ ਦੱਸਿਆ ਕਿ ਹਫਤੇ ਵਿਚ ਇਕ ਵਾਰੀ ਇਕਠੇ ਹੁੰਦੇ ਹਾਂ, ਘਰੋਂ ਘਰੀਂ ਜਾਂਦੇ ਹਾਂ, ਸੰਗਤ ਇਕਠੀ ਹੁੰਦੀ ਏ ਬੱਚਿਆਂ ਨੇ ਸਿਖੀ ਸਰੂਪ ਨੂੰ ਇਥੇ ਆਕੇ ਕਾਇਮ ਰੱਖਿਆ ਹੈ, ਇਸ ਨੂੰ ਵੀ ਦੇਖ ਕੇ ਬੜੀ ਖੁਸ਼ੀ ਹੁੰਦੀ ਹੈ। ਜੇ ਕਿਸੇ ਨੇ ਸਿਖੀ ਸਰੂਪ ਨਹੀਂ ਵੀ ਰੱਖਿਆ ਮੈਨੂੰ ਵਿਸ਼ਵਾਸ਼ ਹੈ ਕਿ ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਉਹ ਵੀ ਰਖਣਗੇ, ਉਹਨਾਂ ਅੰਦਰ ਵੀ ਸਿਖੀ ਹੈ ਤਾਂ ਕਰਕੇ, ਆਪਣਾ ਕੰਮ ਛੱਡ ਕੇ ਉਹ ਇਥੇ ਆਉਂਦੇ ਨੇ, ਆਕੇ ਸੇਵਾ ਕਰਦੇ ਨੇ। ਕਿਤੇ ਤੁਸੀਂ ਸ਼ਬਦ ਸੁਣਿਆ ਜੇ ਅਸੀਂ ਸਦਾ ਹੀ ਯਾਦ ਰਖਾਂਗੇ* ***"ਸੋ ਸਤਿ੍ਗੁਰੁ ਪਿਆਰਾ ਮੇਰੈ ਨਾਲਿ ਹੈ ਜਿਥੈ ਕਿਥੈ ਮੈਨੋ ਲਏ ਛਡਾਈ।।"*** *ਕਿਉਂਕਿ ਆਪਾਂ ਸੱਚੇ ਪਾਤਸ਼ਾਹ ਜੀ ਨੂੰ ਹੀ ਆਪਣੇ ਨਾਲ ਮਹਿਸੂਸ ਕਰਦੇ ਹਾਂ। ਇਹੀ ਅਰਦਾਸ ਕਰਦੇ ਹਾਂ 'ਰਾਖੁ ਸਦਾ ਪ੍ਰਭ ਆਪਨੈ ਸਾਥ' ਤੇ ਫਿਰ ਸਾਨੂੰ ਕਦੇ ਮੁਸ਼ਕਿਲ ਆਉਂਦੀ ਹੀ ਨਹੀਂ। ਸੱਚੇ ਪਾਤਸ਼ਾਹ ਕਦੇ ਵੀ ਕਦੇ ਸਾਡੇ ਤੋਂ ਦੂਰ ਹੈ ਹੀ ਨਹੀਂ।*

***"ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ।। ਅਬਿਨਾਸੀ ਪੁਰਖੁ ਸਭ ਮਹਿ ਰਹਿਆ ਸਮਾਇ"*** *ਅਸੀਂ ਸਦਾ ਹੀ ਇਹ ਮਹਿਸੂਸ ਕਰੀਏ ਕਿ ਸੱਚੇ ਪਾਤਸ਼ਾਹ ਸਾਡੇ ਨਾਲ ਨੇ। ਉਹਨਾਂ ਦੀਆਂ ਖੁਸ਼ੀਆਂ ਸਾਡੇ ਨਾਲ ਨੇ, ਅਸੀਂ ਉਹਨਾਂ ਦਾ ਹੁਕਮ ਮੰਨੀਏ ਤੇ ਬਖਸ਼ਸ਼ ਹੋਵੇ। ਉਹਨਾਂ ਦੀ ਖੁਸ਼ਬੂ ਹਮੇਸ਼ਾਂ ਹੀ ਸਾਡੇ ਵਿਚੋਂ ਆਵੇ। ਜਦੋਂ ਕੋਈ ਸਾਨੂੰ ਮਿਲੇ ਇਹ ਆਖੇ ਕਿ ਇਹ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਦਾ, ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦਾ ਸਿੱਖ ਏ। ਇਹ ਨਾਮਧਾਰੀ ਏ ਇਸ ਕਰਕੇ ਇਹ ਚੰਗੇ ਨੇ। ਸੱਚੇ ਪਾਤਸ਼ਾਹ ਜੀ ਦੀਆਂ ਹੋਰ ਵੀ ਸਾਡੇ ਤੇ ਜ਼ਿਆਦਾ ਖੁਸ਼ੀਆਂ ਹੋਣ।*

*ਮੇਰੀ ਇਹ ਅਰਦਾਸ ਹੈ ਸੱਚੇ ਪਾਤਸ਼ਾਹ ਸਾਡੇ ਸਾਰਿਆਂ ਤੇ ਕਿਰਪਾ ਕਰਨ, ਇਸ ਤਰ੍ਹਾਂ ਹੀ ਉਹਨਾਂ ਦੀ ਸਿਖੀ ਵਧੇ। ਇਥੇ ਤੁਹਾਡੇ ਖੁਸ਼ਹਾਲੀ ਵੀ ਆਵੇ, ਸੱਚੇ ਪਾਤਸ਼ਾਹ ਜੀ ਦੀ ਸਿੱਖੀ ਵਧੇ ਇਹ ਕਦੇ ਵੀ ਸਾਨੂੰ ਭੁਲਣਾ ਨਹੀਂ ਚਹੀਦਾ। ਮੈਂ ਇਨੀ ਅਰਜ਼ ਕਰਕੇ ਤੁਹਾਡੇ ਤੋਂ ਜੋ ਤੁਸੀਂ ਕੀਤਾ ਹੈ ਉਸ ਵਾਸਤੇ ਧੰਨਵਾਦ ਸ਼ਬਦ ਬਹੁਤ ਘਟ ਹੈ। ਮੇਰੀ ਇਹ ਅਰਦਾਸ ਹੈ ਕਿ ਤੁਸੀਂ ਮੇਰੇ ਵਾਸਤੇ ਕਰੋ ਤੇ ਮੇਰੀ ਵੀ ਤੁਹਾਡੇ ਆਪਣੇ ਸਾਰਿਆਂ ਵਾਸਤੇ ਅਰਦਾਸ ਹੈ ਕਿ ਅਸੀਂ ਸੱਚੇ ਪਾਤਸ਼ਾਹ ਜੀ ਦਾ ਹੁਕਮ ਮੰਨ ਸਕੀਏ। ਉਹਨਾਂ ਦੀਆਂ ਖੁਸ਼ੀਆਂ ਲੈ ਸਕੀਏ। ਸਤਿ ਸ੍ਰੀ ਅਕਾਲ*

*–ਪਰਥ, 7 ਜੁਲਾਈ 2015*

## ਪੰਜ ਭਾਦਰੋਂ - ਵਿਛੋੜੇ ਦੀ ਰਾਤ... (ਬਾਕੀ ਸਫਾ 2 ਦੀ)

247 ਤੇ ਸੰਤ ਤਰਨ ਸਿੰਘ ਵਹਿਮੀ ਜੀ ਲਿਖਦੇ ਹਨ–

"18 ਹਾੜ 2015 ਬਿ: 2 ਜੁਲਾਈ 1958 ਈ. ਤ੍ਰਕਾਲੀ ਸੰਤ ਨਗਰੋਂ ਇਕੱਲੇ ਨਿਕਲ ਹਾਰਨੀ ਦੇ ਨੇੜੇ ਝਾੜੀਆਂ ਵਿਚ ਤਾਰ ਜਾ ਲਾਈ। ਪਿਸਤੌਲ ਹੱਥ ਵਿਚ ਲਈ ਘਸੀਟਾ ਸਿੰਘ ਦੇ ਦੁਆਲੇ ਮੰਜੇ ਡਾਹ ਸਭ ਜੀਅ ਸੌਂਦੇ ਨੇ। ਪਹਿਰਾ ਭੀ ਰਖਦੇ ਸੀ। ਪਿਛਲੀ ਰਾਤੇ ਘਸੀਟਾ ਸਿੰਘ ਕਿਹਾ, "ਤੁਸੀਂ ਹੁਣ ਬੇਫਿਕਰ ਹੋ ਜਾਵੋ।" ਕੰਧਾਰਾ ਸਿੰਘ ਸੁਣਦਾ ਸੀ। ਉਸ 3–4 ਵਜੇ ਦੇ ਵਿਚਾਲੇ, ਜੁਤੀ ਆਪਣੀ ਪੈਰਾਂ ਤੋਂ ਲਾਹ ਘਸੀਟਾ ਸਿੰਘ ਦੇ ਸਰਹਾਣੇ ਜਾ, ਸੁਤੇ ਪਏ ਦੇ ਸਿਰ ਵਿਚ ਦੋ ਪਸਤੌਲ ਦੇ ਵਾਰ ਕਰ ਪਾਰ ਕੀਤਾ ਤੇ ਹਵੇਲੀ ਵਿਚੋਂ ਨਸ ਨਿਕਲਿਆ ਸੰਤ ਨਗਰ ਵਲ ਝਾੜੀਆਂ ਵਿਚ ਨੂੰ.....।"

ਇਸ ਕੇਸ ਵਿਚ ਮਹਾਰਾਜ ਬੀਰ ਸਿੰਘ ਜੀ ਦਾ ਵੀ ਨਾਮ ਕਾਤਲਾਂ ਵਿਚ ਸ਼ਾਮਿਲ ਕਰ ਲਿਆ ਗਿਆ ਸੀ। ਸਰਕਾਰ ਦੀ ਮਿਲੀ ਭੁਗਤ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਵੀ ਕੇਸ ਵਿਚ ਫਸਾਉਣਾ ਚਾਹੁੰਦੇ ਸਨ। ਇਸ ਮੁਕਦਮੇ ਨਾਲ ਨਾਮਧਾਰੀ ਪੰਥ ਦੀ ਸ਼ਾਂਤੀ ਭੰਗ ਹੋ ਗਈ। ਨਾਮਧਾਰੀ ਪੰਥ ਦੇ ਦੋਖੀਆਂ ਦੀਆਂ ਮਨਮਰਜੀਆਂ ਸਿਰੇ ਲਗ ਰਹੀਆਂ ਸਨ। ਲਗਭਗ 22 ਮੁਕਦਮੇ ਗੁਰਦੋਖੀਆਂ ਵਲੋਂ ਦਾਇਰ ਕੀਤੇ ਗਏ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੰਥ ਦੀ ਬੇਹਤਰੀ ਲਈ ਦਿਨ ਰਾਤ ਇਕ ਕਰ ਦਿਤੇ ਸਨ, ਉਹਨਾਂ ਨੂੰ ਨਾ ਰਾਤ ਨੀਂਦ ਅਤੇ ਨਾ ਹੀ ਦਿਨੇ ਆਰਾਮ ਕਰਨਾ ਮਿਲਦਾ ਸੀ। ਇਸ ਕਾਰਨ ਉਹਨਾਂ ਦੀ ਸਿਹਤ ਖਰਾਬ ਹੋਣ ਲਗ ਪਈ। ਹੋਰ ਨਾਮਜ਼ਦ ਦੋਸ਼ੀਆਂ ਵਿਚ ਮਹਾਰਾਜ ਬੀਰ ਸਿੰਘ ਜੀ ਨੂੰ ਵੀ ਫਿਰੋਜਪੁਰ ਦੀ ਜੇਲ੍ਹ ਵਿਚ ਰਖਿਆ ਗਿਆ। ਮਹਾਰਾਜ ਨਿਹਾਲ ਸਿੰਘ ਦੀ ਇੱਛਾ ਸੀ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਵੀ ਅਦਾਲਤ ਵਿਚ ਪੇਸ਼ ਕੀਤਾ ਜਾਵੇ।

ਏਧਰ ਸਤਿਗੁਰੂ ਜੀ ਭਾਣਾ ਵਰਤਾਉਣ ਦੀ ਤਿਆਰੀ ਕਰ ਰਹੇ ਸਨ। ਲਗਭਗ ਇਕ ਸਾਲ 27 ਵੈਸਾਖ 2015 ਬਿ. ਤੋਂ ਸ੍ਰੀ ਜੀਵਨ ਨਗਰ ਦਾ ਸਮੁਚਾ ਪ੍ਰਬੰਧ (ਸਤਿਗੁਰੂ) ਜਗਜੀਤ ਸਿੰਘ ਜੀ ਨੂੰ ਸੰਭਾਲ ਕੇ ਮੰਡੀ ਵਲ ਪ੍ਰਸਥਾਨ ਕਰ ਗਏ ਸਨ। ਕਦੇ ਆਪ ਜੀ ਸ੍ਰੀ ਭੈਣੀ ਸਾਹਿਬ ਆ ਜਾਂਦੇ ਅਤੇ ਗੋਲ ਮੰਦਰ ਵਿਚ ਡੇਰਾ ਲਾ ਲੈਂਦੇ ਅਤੇ ਫਿਰ ਆਪ ਛੇਤੀਂ ਹੀ ਮੰਡੀ ਵਲ ਪ੍ਰਸਥਾਨ ਕਰ ਜਾਂਦੇ। 11 ਭਾਦਰੋਂ 2016 ਬਿ: ਦੇ ਸਤਿਜੁਗ ਅਖਬਾਰ ਦੇ ਅੰਕ ਅਨੁਸਾਰ ਆਪ ਜੀ 6 ਸੌਣ ਨੂੰ ਮੰਡੀ ਚਲਣ ਲਈ ਹੁਕਮ ਕਰ ਦਿਤੇ। ਆਪ ਜੀ ਨੂੰ ਸਹਿਜੇ ਸਹਿਜੇ 9 ਸੌਣ ਨੂੰ ਮੰਡੀ ਵਿਖੇ ਕਾਰ ਰਾਹੀਂ ਲਿਜਾਇਆ ਗਿਆ। ਮਹਾਰਾਜ ਬੀਰ ਸਿੰਘ ਜੀ ਹਰ ਸਮੇਂ ਆਪ ਜੀ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਸਨ। ਸਤਿਗੁਰੂ ਜੀ ਦਾ ਸਰੀਰ ਬਹੁਤ ਕਮਜ਼ੋਰ ਹੋ ਗਿਆ ਸੀ। ਕਦੇ ਆਪ ਜੀ ਇੰਨੇ ਨਿਰਬਲ ਦਿਸਦੇ ਸਨ ਕਿ ਦਰਸ਼ਨ ਕਰਨ ਵਾਲਾ ਡਰ ਜਾਂਦਾ ਸੀ। ਕਦੇ ਆਪ ਜੀ ਤੰਦਰੁਸਤ ਜਾਪਣ ਲਗ ਪੈਂਦੇ ਸਨ। ਆਪ ਜੀ ਸ. ਬੀਰ ਸਿੰਘ ਦੇ ਘਰ ਬਿਰਾਜੇ ਅਤੇ ਉਥੇ ਹੀ ਦਿਵਾਨ ਲਗਣ ਲਗ ਪਏ ਅਤੇ ਆਪ ਜੀ ਤਗੜੇ ਹੋ ਗਏ ਤੇ ਆਪ ਜੀ ਕੋਟਲਾ ਨਾਮੀ ਜਗ੍ਹਾ ਤੇ ਸਰਕਾਰੀ ਡੇਅਰੀ ਫਾਰਮ ਦੇਖਣ ਲਈ ਪੈਦਲ ਚਲ ਕੇ ਗਏ।

32 ਸੌਣ ਨੂੰ ਸਤਿਗੁਰੂ ਜੀ ਫਿਰ ਸ੍ਰੀ ਭੈਣੀ ਸਾਹਿਬ ਨੂੰ ਆ ਗਏ ਅਤੇ ਗੋਲ ਮੰਦਰ - ਗੋਲ ਛਪਰ ਵਾਲੀ ਜਗ੍ਹਾ ਡੇਰੇ ਲਗਾ ਲਏ। ਸੇਵਕਾਂ ਵਿਚੋਂ ਭਾਈ ਵਜ਼ੀਰ ਸਿੰਘ, ਸੰਤ ਰਤਨ ਸਿੰਘ, ਸੰਤ ਮੁਹਕਮ ਸਿੰਘ, ਸੰਤ ਪ੍ਰੀਤਮ ਸਿੰਘ ਪੱਦੀ ਖਾਲਸਾ, ਸੰਤ ਸਵਰਨ ਸਿੰਘ, ਸੰਤ ਮੰਗਲ ਸਿੰਘ, ਸੰਤ ਦਿਆਲ ਸਿੰਘ ਅਤੇ ਮਹਾਰਾਜ ਬੀਰ ਸਿੰਘ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹਰ ਹੁਕਮ ਮੰਨਣ ਲਈ ਤਿਆਰ ਰਹਿੰਦੇ ਸਨ। ਪਹਿਲੀ ਭਾਦਰੋਂ ਨੂੰ (ਸਤਿਗੁਰੂ) ਜਗਜੀਤ ਸਿੰਘ ਜੀ ਨੂੰ ਤਾਰ ਦੇ ਕੇ ਸ੍ਰੀ ਜੀਵਨ ਨਗਰ ਤੋਂ ਬੁਲਾ ਲਿਆ ਜੋ ਸਰਸੇ ਗਏ ਹੋਏ ਸਨ। ਉਥੋਂ ਹੀ ਸ੍ਰੀ ਭੈਣੀ ਸਾਹਿਬ ਪਹੁੰਚ ਗਏ ਸਨ।

ਕਟਾਣੀ ਵਾਲੇ ਹਕੀਮ ਹਰਦਾਸ ਦੀ ਦਵਾਈ ਵੀ ਕਾਟ ਨਹੀਂ ਕਰ ਰਹੀ ਸੀ। ਫਿਰ ਲੁਧਿਆਣੇ ਵਾਲੇ ਡਾਕਟਰ ਗੁਜਰ ਮਲ ਤਕ ਪਹੁੰਚ ਕੀਤੀ, ਪ੍ਰੰਤੂ ਉਹ ਵੀ ਹਥ ਖੜੇ ਕਰ ਗਏ। ਸਤਿਗੁਰੂ ਜੀ ਦਾ ਬੁਖਾਰ ਨਹੀਂ ਸੀ ਹਟ ਰਿਹਾ, ਟੈਂਪਰੇਚਰ 100–101 ਤੋਂ ਥੱਲੇ ਨਹੀਂ ਸੀ ਆ ਰਿਹਾ। ਅੰਤਮ ਇਲਾਜ ਫਗਵਾੜੇ ਦੇ ਇਕ ਸੰਨਿਆਸੀ ਵੈਦ ਦਾ ਹੋਇਆ ਸੀ, ਉਸ ਦੀ ਦਵਾਈ ਨਾਲ ਕੁਝ ਪਾਣੀ ਅੰਦਰ ਠਹਿਰਣ ਲਗਾ ਸੀ, ਪ੍ਰਸ਼ਾਦਾ ਛਕਣਾ ਤਾਂ ਸਤਿਗੁਰਾਂ ਨੇ ਛੱਡ ਹੀ ਦਿੱਤਾ ਸੀ, ਸਿਰਫ ਟਿੰਡਿਆਂ ਦਾ ਕੁਝ ਉਬਲਿਆ ਪਾਣੀ ਹੀ ਕਦੇ ਕਦਾਈਂ ਛਕਦੇ ਸਨ।

ਅਖੀਰ ਉਹ ਮੁਸ਼ਕਲਾਂ ਭਰਿਆ ਪੰਜ ਭਾਦਰੋਂ ਦਾ ਦਿਨ ਆ ਹੀ ਗਿਆ ਜਦੋਂ ਦੀਨ ਦਿਆਲ, ਸੱਚੇ ਪਾਤਸ਼ਾਹ, ਅਟਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅੱਧੀ ਰਾਤ ਦੇ ਵੇਲੇ ਬ੍ਰਹਮਲੀਨ ਹੋ ਗਏ ਅਤੇ ਰੋਂਦੀ ਲੁਕਾਈ ਨੂੰ ਇਕਲੇ ਰੋਣ ਲਈ ਛੱਡ ਗਏ। "ਜਸ ਜੀਵਨ ਭਾਗ 6 ਦੇ ਸਫਾ 354 ਤੇ ਲਿਖਿਆ ਹੋਇਆ ਹੈ–

"32 ਸੌਣੋਂ ਇਤਨੇ ਦਿਨ ਇਸ ਤਰ੍ਹਾਂ ਔਖ ਵਿਚ ਬੀਤੇ ਤੇ ਪੰਜ ਭਾਦਰੋਂ 2016 ਬਿਕਰਮੀ ਭਾਦਰੋਂ ਵਦੀ ਤੀਜ 490 ਸੰਮਤ ਨਾਨਕਸ਼ਾਹੀ, 261 ਖਾਲਸਾ ਤੇ 143 ਸੰਮਤ ਸਤਿਗੁਰੂ ਰਾਮ ਸਿੰਘ ਜੀ, 21 ਅਗਸਤ 1959 ਈਸਵੀ ਦੀ ਰਾਤ ਦੇ 12 ਵਜ ਕੇ 2 ਮਿੰਟ ਤੇ ਗੋਲ ਮੰਦਰ ਵਿਚ ਸ੍ਰੀ ਭੈਣੀ ਸਾਹਿਬ ਰਾਮਸਰੋਂ ਚੜ੍ਹਦੇ ਵਲ ਕੋਲ ਬੈਠਿਆਂ ਬੀਰ ਸਿੰਘ ਜੀ ਕੋਲ ਖੜਿਆਂ ਬਾਬਾ ਜਗਜੀਤ ਸਿੰਘ, ਸੰਤ ਪ੍ਰੀਤਮ ਸਿੰਘ ਪੱਦੀ ਵਾਲਿਆਂ, ਗੁਰਬਖਸ਼ ਸਿੰਘ ਅਮਲੀ (ਬਾਬੇ ਲਹਿਣਾ ਸਿੰਘ ਸ੍ਰੀ ਭੈਣੀ ਸਾਹਿਬ ਵਾਲਿਆਂ ਦੇ ਪੋਤਰੇ ਕਿਸ਼ਨ ਸਿੰਘ ਦੇ ਪੁੱਤਰ) ਤੇ ਲਾਭ ਸਿੰਘ ਫਤੇਵਾਲ ਦੇ -ਸਤਿਗੁਰੂ ਪ੍ਰਤਾਪ ਸਿੰਘ ਜੀ ਜੋਤੀ ਜੋਤ ਸਮਾ ਗਏ।"

ਗੁਰ ਦੋਖੀਆਂ ਦੀਆਂ ਸਕੀਮਾਂ ਅਧਵਾਟੇ ਹੀ ਰਹਿ ਗਈਆਂ, ਸਤਿਗੁਰੂ ਜੀ ਨੂੰ ਅਦਾਲਤ ਵਿਚ ਪੇਸ਼ ਨਾ ਕਰ ਸਕੇ। 22 ਅਗਸਤ ਨੂੰ ਇਹ ਦੁਖਦਾਈ ਖਬਰ ਸਾਰੇ ਜਗਤ ਵਿਚ ਫੈਲ ਗਈ ਅਤੇ ਸਤਿਗੁਰਾਂ ਦੇ ਵਿਛੋੜੇ ਵਿਚ ਰੋਂਦੀਆਂ ਕੁਰਲਾਉਂਦੀਆਂ ਸੰਗਤਾਂ ਸਤਿਗੁਰੂ ਜੀ ਦੇ ਅੰਤਿਮ ਦਰਸ਼ਨ ਕਰਨ ਲਈ ਸ੍ਰੀ ਭੈਣੀ ਸਾਹਿਬ ਪਹੁੰਚਣ ਲਗੀਆਂ ਅਤੇ ਸਤਿਗੁਰੂ ਜੀ ਦੇ ਅੰਤਿਮ ਸਸਕਾਰ ਕਰਨ ਦੀਆਂ ਤਿਆਰੀਆਂ ਹੋਣ ਲਗੀਆਂ ਸਨ। ■

**ਬਾਜ਼ਾਰ ਦਾ ਭੋਜਨ ਨਾ ਸ਼ੁੱਧ ਹੁੰਦਾ ਹੈ ਅਤੇ ਨਾ ਹੀ ਮਰਯਾਦਾ ਵਿਚ ਆਉਂਦਾ ਹੈ ਫਿਰ ਕਿਉਂ ਖਾਧਾ ਜਾਵੇ ?**

1920 में स्थापित सतिजुग

## ਸ੍ਰੀ ਰਾਮ ਚਰਿਤ ਮਾਨਸ (ਰਾਮਾਇਣ)

ਪੰਜਾਬੀ ਅਨੁਵਾਦਕ

(ਪਿਛੋਂ ਤੋਂ ਅਗੇਂ)

✍ ਮਾਸਟਰ ਅਮਰੀਕ ਸਿੰਘ

### ਆਸ਼ਰਮ ਵਿਚ ਸ੍ਰੀ ਰਾਮ ਦੀ ਕਥਾ ਸੁਨਾਈ ਕਲਯ ਯਾਦਵ ਨੇ

ਮੈਂ ਆਪਣੇ ਤਪ ਜੋਤਸ਼ ਦੇ ਸੰਗ ਜਾਣ ਗਿਆ ਹਾਂ ਪਿਆਰੇ,
ਤੁਸੀਂ ਪ੍ਰਤਾਪ ਭਾਨੂੰ ਹੋ ਆਪੇ ਸਭ ਕੁਝ ਜਾਨਣ ਹਾਰੇ।
ਸੁਨ ਭਾਨੂੰ ਹੈਰਾਨ ਹੋ ਗਿਆ ਉਪਰ ਹੇਠਾਂ ਵੇਖੇ,
ਮੁਨੀ ਰਾਜੇ ਨੂੰ ਭਗਤ ਸਮਝ ਕੇ ਪੈ ਗਿਆ ਵਿਚ ਭੁਲੇਖੇ।

ਹੱਥ ਜੋੜ ਕੇ ਰਾਜੇ ਕਿਹਾ ਕਿ ਮੈਂ ਪ੍ਰਤਾਪ ਹਾਂ ਭਾਨੂੰ,
ਤੁਸੀਂ ਮਹਾਨ ਸ਼ਕਤ ਦੇ ਮਾਲਕ ਸਭ ਰਾਜਾਂ ਤੋਂ ਜਾਣੂ।
ਵਰ ਮੰਗਦਾ ਹਾਂ ਆਪ ਜੀ ਕੋਲੋਂ ਹੱਥ ਜੋੜ ਕੇ ਦੋਵੇਂ,
ਕੋਈ ਵੀ ਮੈਨੂੰ ਜਿੱਤ ਸਕੇ ਨ ਹੋਏ ਨ ਮੇਰੇ ਸੌਂਵੇਂ।

ਮੁਨੀ ਰਾਜੇ ਨੇ ਕਿਹਾ ਤੁਸੀਂ ਹੋ ਚਕਰਵਰਤੀ ਰਾਜੇ,
ਜਿਤ ਸਕੇਗਾ ਕੌਣ ਤੁਹਾਨੂੰ ਉੱਚੇ ਹੋਣ ਦਰਵਾਜੇ।
ਤੁਸੀਂ ਜੋ ਚਾਹੋ ਹੋ ਸਕਦਾ ਹੈ, ਮਰੋਗੇ ਬਰਾਹਮਣ ਹੱਥੀਂ,
ਕੋਈ ਤੁਸਾਂ ਨੂੰ ਮਾਰ ਸਕੇਨਾ, ਦੁਨੀਆਂ ਵੇਖੂ ਅੱਖੀਂ।
(ਚਲਦਾ)

## शहद होता है अमृत तुल्य


शहद सेहत के लिए बहुत लाभदायक है। अमृत के समान माना जाने वाला शहद शरीर को स्वस्थ्य, सुन्दर और उर्जावान और निरोग बनाए रखता है। शहद का सेवन गर्मीयों में तो लाभकारी है ही साथ में सर्दियों में गर्म दुध में शहद डालकर पीने से शरीर में उर्जा बनती है। शहद आंखों की रोशनी भी बढ़ाता है। इसके अलावा शहद का सेवन करने से अस्थमा रोगी को आराम मिलता है। शहद हाई ब्लड प्रेशर को नियंत्रित भी करता है। गाजर के जूस में शहद मिलाकर पीने से आंखों की रोशनी बढ़ती है। मोतियाबिन्द में शहद लाभकारी है। टमाटर के रस मे शहद मिलाकर सेवन करने से कब्ज की परेशानी से निजात मिलती है। शहद को पानी में मिलाकर कुल्ले करने से मुंह के छालों में आराम मिलता है। इसके अलावा दांत के दर्द पर शहद को लगाने से आराम मिलता है। यदि आप मधुमेह या मोटापे से आपको तुरंत उर्जा की आवश्यकता है तो चीनी की बजाये नींबू पानी के साथ शहद का सेवन करें। यह न केवल स्वादिष्ट होता है बल्कि स्वास्थ्य के लिए फायदेमंद भी होता है।

बस मीठा ही नहीं शहद में विटामिन सी और महत्वपूर्ण खनिज जैसे आयरन और कैल्शियम पाए जाते है। हांलाकि इन पोषक तत्वों की एकाग्रता शहद की गुणवता पर निर्भर करती है। शहद जितना साफ और शुद्ध होता वह उतना ही गुणकारी होता है।

बीमारी से लडने के गुण इसमें मौजूद विटामिन सी में एंटीऑकसीडेंट पाए जाते हैं और इसलिए उसका सेवन खासीं और सर्दी के खिलाफ एक स्वस्थ निवारक उपाय है। नींबू, शहद और अदरक सर्दी को दूर भगाने के लिए एक पुराना नुस्खा है। मोटापा कम करने में उपयोगी भले ही शहद से ज्यादा कैलोरी होती हो पर फिर भी शहद वास्तव में वसा को कम करने का कारगर तरीका है। न केवल यह वजन नियंत्रित करता है पर यह जमें हुए वसा को जलाता भी है। अगर आप रोज सुबह गर्म पानी के साथ शहद का प्रयोग करेंगे तो आपकी कमर में उसका असर जरुर दिखेगा।

आसानी से पंचने वाला शहद का इस्तेमाल पाचन क्रिया को मजबूत बनाता है। शहद के साथ गर्म पानी का नुस्खा कब्ज के इलाज में भी मदद करता है। सौदर्य उपचार इन सभी सवस्थ्य लाभ के अलावा भी शहद त्वचा के लिए भी बहुत अच्छा होता है।

# SATGURU PARTAP SINGH JI



Satguru Partap Singh was born in Sri Bhaini Sahib on 9th March 1890 (corresponding to Chet Vadi Teej of 1946 Bikrami) to Mata Jivan Kaur Ji. Naming him Partap (Glorious) Singh, Satguru Hari Singh pronounced: "He will possess an amazing ecclesiastical personality and will be a great spiritual mentor and prominent luminary in the field of religion".

The young Satguru Partap Singh showed an amazing capacity of memorizing Gurbani and by the age of seven he could recite most of the scriptures and historical books by heart. It is said that He could memorize one Asht Padi of Sukhmani Sahib during a horse ride of one mile. Satguru Hari Singh once said, "Partap Singh does not require any teaching, He is born with all the knowledge."

On 17th May 1906, Satguru Partap Singh became the Head of the Namdhari Sikhs. Under his dynamic leadership, the Namdhari Movement gained momentum. Satguru Partap Singh became a powerful messenger of peace for humanity and an outstanding promoter of justice, truthfulness and courageous. In 1909 he got married to Mata Bhupinder Kaur, and had two sons, Beant Ji (Sri Satguru Jagjit Singh) and Ballo Ji (Maharaj Bir Singh).

The flame of struggle for independence lit by Satguru Ram Singh was kept burning by Satguru Partap Singh till the country achieved its independence. He decided to give support to the Congress party because it adopted the ideology of Kuka Movement for achieving the Independence of India.

Satguru Ji was always in favor of banning cow slaughter in India. His devotion to this cause was illustrated when in 1937, the British government decided to open butcheries equipped with the modern machines. He prayed to the Almighty through a grand Havan Yagya. For 14 days, five hundred sikhs chanted Chandi-Di-Var composed by Guru Gobind Singh 125,000 times. With the completion of the grand Havan Yagya the British government, announced the cancellation of their plan to open the slaughter house. Such was Sri Satguru Partap Singh's spiritual supremacy.

Satguru Partap Singh generosity was unsurpassed. When refugees fled Pakistan after independence Satguru Ji provided them shelter, food, clothing and all other amenities. He distributed agricultural land free of cost to a large number of landless tillers. Satguru Partap Singh always gave a warm welcome to guests and showered his pious blessings upon them. When Dr. Rajindra Prasad went to him, Satguru Ji gave him 500 yards of Khadi, 100 maunds of wheat for the earthquake sufferers of Bihar. When Pandit Jawaharlal Nehru visited Sri Bhaini Sahib, Satguru Ji gave him 200 bags of rice for the draught stricken people of Bengal. In 1956, he distributed food, and clothes to the flood stricken people of Punjab and other parts of the country.

The weekly Satjug paper was started in 1920, the means of communication and publicizing the activities of the Namdhari freedom struggle. Maharaj Gurdial Singh, the youngest brother of Satguru Partap Singh played a key role in publishing the sacrifices of the Namdhari Sikhs. Sant Nidhan Singh Alam and Sant Inder Singh Chakravarty were the other notable literary figures, who joined hands with Maharaj Gurdial Singh in writing and publishing the Namdhari History. This process of writing attracted writers like Sant Taran Singh Vehmi, Sant Kalah Singh, Sant Chanda Singh, Sant Bishan Singh Historian, Sant Mangal Singh Lyallpuri, Dr. Amar Bharti, Master Nihal Singh, Kavi Pritam Singh, Shri Pritam Singh Panchi and many others. As a result of their hard work and research, many a notable books are now available for the readers.

Satguru Partap Singh left for his heavenly abode on 22nd August, 1959.


**-H.S. Hanspal**

SATJUG
ESTABLISHED IN 1920

## DISCOURSE

## SATGURU PARTAP SINGH JI

# BRAHAM VIDYA



*He does not hesitate to bless with holy faith,*

*Wealth, fulfillment of all desires and liberation.*

An intellectual does not attach any importance to all these illusions. What to talk of other things he does not even desire liberation Gurbani states—

***Kee baikunth naahee lavai laagae.***

***Mukat bapurree bhee giaanae tiaagae. P-1078***

***Myriads of heavens do not equal the lords name.***

***The spiritually wise forsake mere liberation too.***

They do not attach any importance to it. Guru Gobind Singh Ji also states—

***Natak Chetak keeae kokaaajaa.***

***Prabh logan kah aavat laaja. Dasam granth P-54***

The saints of the lord abhore the performance of miracles and feel ashamed of such acts.

Some saints do practice such techniques as - -blessing some one with a son; blessing some one with wealth, performing miracles like increasing or reducing his own structure; flying away. However, the saints of the Lord feel ashamed of such acts. It is just like a king doing business with a cowrie in hand. The souls of saints get mingled with that of the Lord. They do not attach any importance to miracles because all the spiritual powers obey the saints. Gurbani states—

***Nav nidhee athaareh sidhhee pichhai lageeaa firehi.***

***Jo har hirdai sadhaa vasaaee. P-649***

The nine treasures and the eighteen spiritual powers of the siddhas follow him, who keeps the Lord enshrined in his heart.

***Vidiyvaan kee drisht uchaeree.***

***Satt chitt aanad akrai haeree.***

The vision of an elightened intellectual person is superb. He has realized the omnipresence of the Almightly Lord. He knows that the Lord has existed in the past, He exists today and will continue to exist in future as well. He is not inanimate, he is conscious and aware of everything happening anywhere in the universe. Gurbani also substantiates this as—

***Sadhaa Anandh teh nehee bioug. P-275***

He the enlightened one, is in eternal bliss and is not separated from God.

**Transliteration by Sant Singh**

5 ਭਾਦਰੋਂ 2072 ਬਿਕਰਮੀ ਵਿਸ਼ੇਸ਼


# ਦੇਸ਼ ਭਗਤੀ ਰੂਹਾਨੀਅਤ ਅਤੇ ਭਾਈਚਾਰੇ ਦੀ ਵਡੀ ਮਿਸਾਲ ਸਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

**ਲਖਬੀਰ ਸਿੰਘ ਸ਼ਿੰਗਾਰੀ**

ਸੰਸਾਰ ਵਿਚ ਬਹੁਤ ਸਾਰੇ ਲੋਕ ਐਸੇ ਹੋਏ ਹਨ ਜਿਹਨਾਂ ਨੇ ਦੇਸ਼ ਭਗਤੀ ਦੀਆਂ ਵੱਡੀਆਂ ਵੱਡੀਆਂ ਮਿਸਾਲਾਂ ਪੇਸ਼ ਕੀਤੀਆਂ ਹਨ। ਐਸੇ ਲੋਕ ਵੀ ਬਹੁਤ ਹਨ ਜਿਨਾਂ ਨੇ ਰੂਹਾਨੀਅਤ ਅਤੇ ਭਾਈਚਾਰੇ ਵਿਚ ਬੜੀ ਪ੍ਰਸਿੱਧੀ ਪ੍ਰਾਪਤ ਕੀਤੀ ਹੈ। ਪਰ ਭਾਰਤ ਦੀ ਧਰਤੀ ਵਿਚ ਐਸੇ ਨਾਮ ਬੜੇ ਘਟ ਸੁਣਨ ਨੂੰ ਮਿਲਦੇ ਹਨ ਜਿਹਨਾਂ ਨੇ ਦੇਸ਼ ਭਗਤੀ, ਭਾਈਚਾਰੇ ਅਤੇ ਰੂਹਾਨੀਅਤ ਲਈ ਇਤਨਾ ਨਾਮ ਕਮਾਇਆ ਹੋਵੇ। ਏਨਾਂ ਮਹਾਂਪੁਰਸ਼ਾਂ ਵਿਚ ਪ੍ਰਮੁੱਖ ਨਾਮ ਆਉਂਦਾ ਹੈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਮਹਾਰਾਜ ਦਾ। ਜਿਹਨਾਂ ਨੇ ਆਪਣੇ ਜੀਵਨ ਵਿਚ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਰਗੀਆਂ ਕੁਰੀਤੀਆਂ ਨੂੰ ਕਦੀ ਵੀ ਭਾਰੀ ਨਹੀਂ ਹੋਣ ਦਿੱਤਾ। ਸਤਿਗੁਰੂ ਜੀ ਦੁਆਰਾ ਦਸੇ ਹੋਏ ਰਸਤੇ ਤੇ ਚਲਕੇ ਭਾਰਤ ਨੂੰ ਅਖੰਡ ਭਾਰਤ ਰੱਖਣ ਲਈ ਮਦਦ ਮਿਲ ਸਕੀ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਬਾਰੇ ਆਲੋਕਿਕ ਕਥਾਵਾਂ ਸੁਣਨ ਨਾਲ ਮਨ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ। ਸਚਮੁੱਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਪੂਰਨ ਮਹਾਂਪੁਰਸ਼ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਹਮੇਸ਼ਾਂ ਉਪਦੇਸ਼ ਦਿੰਦੇ ਸਨ ਕਿ ਇਨਸਾਨ ਨੂੰ ਮੀਟ, ਸ਼ਰਾਬ, ਜੂਆ ਅਤੇ ਪਰਾਈ ਔਰਤ ਤੋਂ ਆਪਣੇ ਆਪ ਨੂੰ ਦੂਰ ਰਖਣਾ ਚਾਹੀਦਾ ਹੈ ਕਿਉਂਕਿ ਏਨਾਂ ਵਿਕਾਰਾਂ ਵਿਚ ਉਲਝਿਆ ਇਨਸਾਨ ਆਪਣੇ ਸੁਨਹਿਰੇ ਜੀਵਨ ਨੂੰ ਤਬਾਹ ਕਰ ਲੈਂਦਾ ਹੈ।

ਸੂਰਜ ਦੀ ਰੌਸ਼ਨੀ ਤੋਂ ਕਿਤੇ ਤੇਜ਼ ਰੌਸ਼ਨੀ ਦੇ ਪ੍ਰਤਾਪ ਵਾਲੇ ਅਤੇ ਸੰਸਾਰ ਨੂੰ ਨਵਾਂ ਰਸਤਾ ਦਿਖਾਉਣ ਵਾਲੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ ਸੰਨ 1890 ਈ. ਨੂੰ ਮਾਤਾ ਜੀਵਨ ਕੌਰ ਦੀ ਕੁੱਖ ਵਿਚੋਂ ਸ੍ਰੀ ਭੈਣੀ ਸਾਹਿਬ (ਲੁਧਿਆਣਾ) ਵਿਚ ਹੋਇਆ ਸੀ। ਸ਼ੁਰੂ ਤੋਂ ਹੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜਦੋਂ ਬਾਲਕ ਅਵਸਥਾ ਵਿਚ ਸਨ ਤਾਂ ਬੜਾ ਤੇਜਸਵੀ ਪ੍ਰਭਾਵ ਸੀ। ਸਕੂਲ ਦੀ ਵਿਦਿਆ ਸਮੇਂ ਛੁਟੀ ਦੌਰਾਨ ਸਮਾਧੀ ਲਗਾ ਕੇ ਭਗਤੀ ਰਸ ਤੋਂ ਅਨੰਦ ਅਨੁਭਵ ਕਰਦੇ ਸਨ। ਸਿਖਿਆ ਤੋਂ ਬਾਅਦ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮਨੁਖਤਾ ਦੇ ਕਲਿਆਣ ਲਈ ਕੰਮ ਕੀਤਾ। ਸਤਿਗੁਰੂ ਜੀ ਨੇ ਆਪਣੇ ਜੀਵਨ ਕਾਲ ਸਮੇਂ ਭਾਰਤ ਤੋਂ ਇਲਾਵਾ ਥਾਈਲੈਂਡ, ਅਫਰੀਕਾ, ਕੀਨੀਆ ਸਮੇਤ ਕਈ ਦੇਸ਼ਾਂ ਵਿਚ ਜਾਕੇ ਧਰਮ ਅਤੇ ਸਭਿਆਚਾਰ ਦਾ ਨਿਰੋਲ ਉਪਦੇਸ਼ ਦਿਤਾ। ਉਹਨਾਂ ਦੇ ਸਮੇਂ ਕਈ ਆਲੋਕਿਕ ਕਥਾਵਾਂ ਅਜ ਵੀ ਮਸ਼ਹੂਰ ਹਨ।

ਦੇਸ਼ ਦੀ ਵੰਡ ਦੌਰਾਨ ਦੂਰਦਰਸ਼ੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਾਕਿਸਤਾਨ ਵਿਚ ਵਸੇ ਹੋਏ ਹਿੰਦੂ ਅਤੇ ਸਿੱਖਾਂ ਨੂੰ ਇਹ ਸਲਾਹ ਦਿਤੀ ਸੀ ਕਿਉਂਕਿ ਛੇਤੀਂ ਹੀ ਇਸ ਇਲਾਕੇ ਵਿਚ ਭਾਰੀ ਮਾਰਕਾਟ ਹੋਵੇਗੀ। ਬਹੁ-ਭੈਣ ਬੇਟੀਆਂ ਦੀ ਇਜ਼ਤ ਨੂੰ ਖਤਰਾ ਹੋ ਸਕਦਾ ਹੈ ਇਸ ਲਈ ਸਾਰੇ ਲੋਕ ਰਾਵੀ ਨਦੀ ਟਪ ਕੇ ਭਾਰਤ ਵਾਲੇ ਪਾਸੇ ਆ ਜਾਣ। ਇਸ ਸੰਬੰਧ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੰਡਿਤ ਨਹਿਰੂ ਅਤੇ ਹੋਰ ਸਿਆਸੀ ਲੀਡਰਾਂ ਨੂੰ ਵੀ ਸਲਾਹ ਦਿਤੀ ਕਿ ਉਹ ਲੋਕਾਂ ਨੂੰ ਰਾਵੀ ਨਦੀ ਪਾਰ ਕਰਨ ਦੀ ਸਲਾਹ ਦੇਣ ਤਾਂਕਿ ਭਾਰੀ ਖੂਨ ਖਰਾਬੇ ਨੂੰ ਰੋਕਿਆ ਜਾ ਸਕੇ। ਸ੍ਰੀ



**ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅੰਤਿਮ ਦਰਸ਼ਨ।**

ਸਤਿਗੁਰੂ ਜੀ ਦੀ ਸਲਾਹ ਮੰਨਦੇ ਹੋਏ ਹਜ਼ਾਰਾਂ ਲੋਕ ਰਾਵੀ ਨਦੀ ਦਾ ਕੰਢਾ ਟਪਕੇ ਭਾਰਤ ਵਾਲੇ ਪਾਸੇ ਆ ਗਏ ਅਤੇ ਆਪਣੀ ਜਾਲ ਮਾਲ ਤੇ ਇਜ਼ਤ ਬਚਾ ਗਏ। ਜਿਨਾਂ ਲੋਕਾਂ ਨੇ ਸਤਿਗੁਰੂ ਜੀ ਦੁਆਰਾ ਕੀਤੇ ਬਚਨਾਂ ਬਾਰੇ ਕੋਈ ਪ੍ਰਵਾਹ ਨਾ ਕੀਤੀ ਉਹਨਾਂ ਨੂੰ ਭਾਰੀ ਦਿਕਤ ਦਾ ਸਾਹਮਣਾ ਕਰਨਾ ਪਿਆ। ਸਤਿਗੁਰੂ ਜੀ ਬੜੇ ਅੰਤਰਯਾਮੀ ਪੁਰਸ਼ ਸਨ ਉਹਨਾਂ ਨੂੰ ਪਤਾ ਸੀ ਕਿ ਹਿੰਦੁਸਤਾਨ ਪਾਕਿਸਤਾਨ ਬਣਨ ਤੋਂ ਬਾਅਦ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਵੇਗਾ। ਇਸ ਲਈ ਉਹਨਾਂ ਨੇ ਦੇਸ਼ ਵੰਡ ਤੋਂ ਪਹਿਲਾਂ ਹੀ ਸਿਰਸਾ ਜ਼ਿਲੇ ਦੇ ਸ੍ਰੀ ਜੀਵਨ ਨਗਰ ਇਲਾਕੇ ਵਿਚ ਸੈਂਕੜੇ ਏਕੜ ਜ਼ਮੀਨ ਖਰੀਦ ਰਖੀ ਸੀ। ਲੁਟੇ ਫੁਟੇ ਉਜੜੇ ਲੋਕ ਜੋ ਪਾਕਿਸਤਾਨ ਤੋਂ ਇਸ ਇਲਾਕੇ ਵਿਚ ਆਏ ਉਹਨਾਂ ਨੂੰ ਸਤਿਗੁਰੂ ਜੀ ਨੇ ਕਿਰਪਾ ਕਰਕੇ ਦਸ ਦਸ ਏਕੜ ਜ਼ਮੀਨ ਮੁਫਤ ਵਿਚ ਦਿਤੀ। ਅਜ ਇਹ ਇਲਾਕਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਨਾਲ ਹਿੰਦੁਸਤਾਨ ਦਾ ਸਭ ਤੋਂ ਜ਼ਿਆਦਾ ਪ੍ਰਫੁਲਤ ਇਲਾਕਾ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਸੰਗਤਾਂ ਦੀਆਂ ਸਮਸਿਆਵਾਂ ਦਾ ਹਲ ਦਿਵਾਨ ਲਗਾ ਕੇ ਕਰਿਆ ਕਰਦੇ ਸਨ। ਇਕ ਵਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਿਵਾਨ ਵਿਚ ਪਿੰਡ ਹਵੇਲੀ ਜ਼ਿਲਾ ਮਿੰਟਗੁਮਰੀ (ਪਾਕਿਸਤਾਨ) ਤੋਂ ਇਕ ਮਹਿਲਾ ਆਈ ਬੜੇ ਦੁਖ ਭਰੇ ਅੰਦਾਜ ਵਿਚ ਉਸਨੇ ਗੁਰੂ ਜੀ ਸਾਹਮਣੇ ਪ੍ਰਾਰਥਨਾ ਕੀਤੀ ਕਿ ਮੇਰਾ ਇਕੋ ਹੀ ਬੇਟਾ ਸੀ ਉਸਦੀ ਮੌਤ ਹੋ ਚੁਕੀ ਹੈ। ਪਿੰਡ ਵਾਸੀ ਉਸਦਾ ਸਸਕਾਰ ਕਰਨ ਲਈ ਇਜ਼ਾਜ਼ਤ ਨਹੀਂ ਦੇ ਰਹੇ ਹਨ। ਗੁਰੂ ਜੀ ਤੁਸੀਂ ਕਿਰਪਾ ਕਰੋ ਅਤੇ ਮੇਰੇ ਮਰੇ ਪਏ ਪੁਤਰ ਹਰਨਾਮ ਸਿੰਘ ਨੂੰ ਨਵਾਂ ਜੀਵਨ ਦਾਨ ਬਖਸ਼ੋ। ਭਾਰੀ ਦੁੱਖਾਂ ਵਿਚ ਘਿਰੀ ਹੋਈ ਇਹ ਔਰਤ ਗੁਰੂ ਘਰ ਦੀ ਪੁਰਾਣੀ ਸ਼ਰਧਾਲੂ ਸੀ।। ਸਤਿਗੁਰੂ ਜੀ ਦੀਨ ਦੁਖੀ ਸ਼ਰਧਾਲੂਆਂ ਦੇ ਦੁੱਖਾਂ ਨੂੰ ਦੇਖਕੇ ਆਪ ਦੁਖ ਅਤੇ ਪੀੜਾ ਦਾ ਅਨੁਭਵ ਕਰਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਔਰਤ ਦੀ ਪ੍ਰਾਰਥਨਾ ਨੂੰ ਮੰਨ ਕੇ ਉਸਦੇ ਮਕਾਨ ਵਿਚ ਜਾਣ ਦਾ ਫੈਸਲਾ ਕੀਤਾ। ਬੜੇ ਪਿਆਰ ਨਾਲ ਆਪਣੇ ਪਵਿੱਤਰ ਹੱਥਾਂ ਨਾਲ ਹਰਨਾਮ ਸਿੰਘ ਦੇ ਸਰੀਰ ਤੇ ਹੱਥ ਲਗਾਇਆ ਅਤੇ ਬੋਲੇ, "ਬੇਟਾ ਉਠ ਹਰਨਾਮ ਸਿੰਘ ਉਠ, ਤੇਰੇ ਕੋਲੋਂ ਅਸੀਂ ਬੜੇ ਕੰਮ ਲੈਣੇ ਹਨ" ਮੌਤ ਦੀ ਆਗੋਸ਼ ਵਿਚ ਸੁੱਤਾ ਹਰਨਾਮ ਸਿੰਘ ਸਤਿਗੁਰੂ ਜੀ ਦੇ ਪਵਿੱਤਰ ਸਪਰਸ਼ ਨਾਲ ਇਸ ਤਰ੍ਹਾਂ ਉਠਕੇ ਖੜਾ ਹੋ ਗਿਆ ਜਿਵੇਂ ਕੋਈ ਵਿਅਕਤੀ ਗਹਿਰੀ ਨੀਂਦ ਵਿਚ ਉਠਕੇ ਖੜਾ ਹੋ ਜਾਂਦਾ ਹੈ। ਇਹੋ ਜਿਹੇ ਪਤਾ ਨਹੀਂ ਕਿੰਨੇ ਚਮਤਕਾਰ ਸਤਿਗੁਰੂ ਜੀ ਨੇ ਆਪਣੇ ਜੀਵਨ ਕਾਲ ਸਮੇਂ ਦਿਖਾਏ।

ਸਚ ਤਾਂ ਇਹ ਹੈ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਸਚਮੁਚ ਪ੍ਰਮਾਤਮਾ ਸਰੂਪ ਸਨ। ਜੇਕਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਚਮਤਕਾਰਾਂ ਬਾਰੇ ਲਿਖਿਆ ਜਾਏ ਤਾਂ ਇਕ ਵਡੇ ਗ੍ਰੰਥ ਦੀ ਸਥਾਪਨਾ ਕੀਤੀ ਜਾ ਸਕਦੀ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਬਾਰੇ ਸਾਬਕਾ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ ਕਿ "ਕੌਨ ਨਹੀਂ ਜਾਨਤਾ ਕੀ ਆਜ਼ਾਦੀ ਕੇ ਲੀਏ ਸੈਂਕੜੋ ਨਾਮਧਾਰੀ ਸਿਖੋਂ ਨੇ ਬਲਿਦਾਨ ਦੀਏ ਇਸ ਲੀਏ ਮੈਂ ਚਾਹਤਾ ਹੂੰ ਕੀ ਰਾਸ਼ਟਰ ਨਿਰਮਾਣ ਕਰਨੇ ਕੇ ਲੀਏ ਨਾਮਧਾਰੀ ਸਮਾਜ ਕਾਂਗਰਸ ਮੇਂ ਸ਼ਾਮਿਲ ਹੋ ਕਰ ਸਹਯੋਗ ਕਰੇ।"

ਸਤਿਗੁਰੂ ਜੀ ਸੰਨ 1959 ਸ੍ਰੀ ਭੈਣੀ ਸਾਹਿਬ ਲੁਧਿਆਣਾ ਵਿਚ ਦੇਹ ਤਿਆਗ ਗਏ। ਸਤਿਗੁਰੂ ਜੀ ਦੇ ਸ਼ੋਕ ਵਿਚ ਦੇਸ਼ ਅਤੇ ਵਿਦੇਸ਼ ਦੀਆਂ ਸੰਗਤਾਂ ਨੇ ਬੜੇ ਦੁੱਖ ਦਾ ਪ੍ਰਗਟਾਵਾ ਕੀਤਾ। ਪਹਾੜੀ ਇਲਾਕੇ ਦੇ ਲੋਕ ਜੋ ਸਤਿਗੁਰੂ ਜੀ ਦਾ ਬੜਾ ਸਤਿਕਾਰ ਕਰਦੇ ਸਨ ਨੇ ਸ਼ੋਕ ਮਨਾਉਂਦੇ ਹੋਏ ਕਈ ਦਿਨ ਤਕ ਆਪਣੀਆਂ ਦੁਕਾਨਾਂ ਅਤੇ ਕਾਰੋਬਾਰ ਬੰਦ ਰਖੇ। ਤੇਜਸਵੀ ਪ੍ਰਤਾਪ ਵਾਲੇ ਸਤਿਗੁਰੂ ਪ੍ਰਤਾਪ ਸਿੰਘ ਜੀ ਅੱਜ ਵੀ ਸਚੀ ਸ਼ਰਧਾ ਨਾਲ ਯਾਦ ਕਰਨ ਵਾਲੀਆਂ ਸੰਗਤਾਂ ਨੂੰ ਅਜ ਵੀ ਦਰਸ਼ਨ ਦਿੰਦੇ ਹਨ। ਪਹਿਲੇ ਨਾਮਧਾਰੀ ਸਮਾਜ ਦੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗੁਰਗੱਦੀ ਤੇ ਬਿਰਾਜਮਾਨ ਸਨ ਹੁਣ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਗੁਰਗੱਦੀ ਤੇ ਬਿਰਾਜਮਾਨ ਹਨ।

## ਕੀ ਸਿਫਤ ਕਰਾਂ ਪ੍ਰਤਾਪੀ ਦੀ

**ਰਣਜੀਤ ਕੌਰ ਜੀਤ**

*ਕਰਾਂ ਸਿਫਤ ਕੀ ਵੱਡ ਪ੍ਰਤਾਪੀ ਦੀ ਹਰ ਦਿਲ ਵਿਚ ਉਸਦਾ ਪਿਆਰ ਵੀ ਏ।*
*ਕੀ ਸਮਝਾਂ ਉਸ ਦੀਆਂ ਰਮਜਾਂ ਨੂੰ ਉਹ ਜੱਗ ਦਾ ਪਾਲਣਹਾਰ ਵੀ ਏ।*

*ਜਦੋਂ ਗੋਰੇ ਜ਼ੁਲਮ ਕਮਾਇਆ ਸੀ ਪ੍ਰਭ ਭੈਣੀ ਸਾਹਿਬ ਪ੍ਰਗਟਾਇਆ ਸੀ।*
*ਦਰ ਖੁਲ੍ਹ ਗਏ ਉਸ ਦੇ ਬਖਸ਼ਿਸ਼ ਦੇ ਅੰਧਿਆਰ ਅੰਦਰ ਉਜੀਆਰ ਵੀ ਏ।*

*ਜਦੋਂ ਵੰਡ ਹੋਈ ਹਿੰਦ ਪਾਕ ਦੀ ਸੀ ਹਰ ਪਾਸੇ ਮੌਤ ਹੀ ਝਾਕ ਦੀ ਸੀ।*
*ਦੁਖੀਆਂ ਨੂੰ ਸੀਨੇ ਨਾਲ ਲਾਇਆ ਦਿਤਾ ਹਰ ਇਕ ਨੂੰ ਘਰ ਬਾਰ ਵੀ ਏ।*

*ਪੰਜ ਭਾਦਰੋਂ ਦੀ ਨਾ ਰਾਤ ਆਉਂਦੀ ਸਦਾ ਵਾਂਗ ਹੱਸਦੀ ਪ੍ਰਭਾਤ ਆਉਂਦੀ।*
*ਨਾ ਵਿਛੜਦਾ ਵੱਡ ਪ੍ਰਤਾਪ ਕਦੇ ਭਗਵਾਨ ਵੀ ਏ ਮੇਰਾ ਯਾਰ ਵੀ ਏ।*

*ਛੱਡ ਟੁਰਿਆਂ ਰੋਂਦੀਆਂ ਅੱਖੀਆਂ ਨੂੰ ਬ੍ਰਿਹਾ ਵਿਚ ਸੜਦੀਆਂ ਸਖੀਆਂ ਨੂੰ।*
*ਮਿਲਾਵਾਂਗਾ ਚੀਨੀ ਵਾਲੇ ਨੂੰ ਕੁਝ ਯਾਦ ਨਹੀਂ ਕੁਝ ਯਾਦ ਵੀ ਏ।*

*ਜਿਨਾਂ ਚਿਰ ਜੀਣਾ ਜੀ ਲਾਂਗੇ ਹੰਝੂ ਅੰਮ੍ਰਿਤ ਜਾਣ ਕੇ ਪੀ ਲਾਂਗੇ।*
*ਤੇਰਾ ਪਿਆਰ ਕਦੇ ਵੀ ਭੁਲਣਾ ਨਹੀਂ ਹਰ ਦਿਲ ਤੇ ਜੀਤ, ਉਪਕਾਰ ਵੀ ਏ।*

*ਕਰਾਂ ਸਿਫਤ ਕੀ ਵਡ ਪ੍ਰਤਾਪੀ ਦੀ ਹਰ ਦਿਲ ਵਿਚ ਉਸਦਾ ਪਿਆਰ ਵੀ ਏ।*
*ਕੀ ਸਮਝਾਂ ਉਸ ਦੀਆਂ ਰਮਝਾਂ ਨੂੰ ਉਹ ਜੱਗ ਦਾ ਪਾਲਣਹਾਰ ਵੀ ਏ।*

# ਯੂ. ਕੇ. ਵਿਚ ਨਾਮਧਾਰੀ ਸੰਗਤ ਦੇ ਸਪਤਾਹਿਕ ਸਮਾਗਮ

**ਸਾਊਥਾਲ**-ਏਥੇ ਨਾਮਧਾਰੀ ਸਿੱਖ ਸੈਂਟਰ ਵਿਚ 11 ਜੁਲਾਈ ਦਾ ਸਪਤਾਹਿਕ ਸਮਾਗਮ ਮਹਤਵਪੂਰਨ ਸੀ। ਇਸ ਵਿਚ ਗੁਰੂ ਤੇ ਸਿੱਖ ਦੇ ਰਿਸ਼ਤੇ ਨੂੰ ਬੜੇ ਸੁਚੱਜੇ ਤਰੀਕੇ ਨਾਲ, ਢੁਕਵੇਂ ਸ਼ਬਦਾਂ ਵਿਚ ਪ੍ਰਗਟ ਕੀਤਾ ਗਿਆ। ਇਹ ਕਾਰਜ ਸੇਵਕ ਹਰਪਾਲ ਸਿੰਘ ਨੇ ਕਥਾ ਕਰਦਿਆਂ ਕੀਤਾ। ਉਹਨਾਂ ਨੇ ਸਤਿਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਤਿਗੁਰੂ ਉਦੈ ਸਿੰਘ ਜੀ ਦੀਆਂ ਕੁਝ ਸਾਖੀਆਂ ਸੁਣਾਈਆਂ। ਉਹਨਾਂ ਨਾਮਧਾਰੀ ਸਿੱਖਾਂ ਬਾਰੇ ਕਿਹਾ ਕਿ ਨਾਮਧਾਰੀ ਉਹ ਹੀ ਹੈ ਜਿਹੜਾ ਦੇਹਧਾਰੀ ਗੁਰੂ ਦੀ ਪ੍ਰੰਪਰਾ ਵਿਚ ਵਿਸ਼ਵਾਸ਼ ਰਖਦਾ ਹੈ ਜਿਹੜੀ ਸਤਿਗੁਰੂ ਉਦੈ ਸਿੰਘ ਤਕ ਆਉਂਦੀ ਹੈ ਨਹੀਂ ਤਾਂ, ਭਾਵੇਂ ਕੋਈ ਇਕ ਨੂੰ ਮੰਨ੍ਹੇ ਦਸਾਂ ਨੂੰ ਮੰਨੇ ਜਾਂ ਵਧ ਨੂੰ ਨਾਮਧਾਰੀ ਨਹੀਂ ਕਿਹਾ ਜਾ ਸਕਦਾ।

ਸੇਵਕ ਹੁਰਾਂ ਤੋਂ ਪਹਿਲਾਂ ਉਸਤਾਦ ਹਰਭਜਨ ਸਿੰਘ ਦਾ ਰਸ ਭਿੰਨਾ ਕੀਰਤਨ ਸੀ-

***ਮੇਰੀ ਪ੍ਰੀਤਿ ਗੋਬਿੰਦ ਸਿਉਂ ਜਿਨਿ ਘਟੈ।।***

ਤੇ ਉਹਨਾਂ ਤੋਂ ਪਹਿਲਾਂ ਇਕ ਘੰਟਾ ਨਾਮ ਸਿਮਰਨ ਕੀਤਾ ਗਿਆ। ਸੇਵਕ ਹੁਰਾਂ ਦਾ ਸਤਿਕਾਰ ਸੂਬਾ ਕੁਲਦੀਪ ਸਿੰਘ ਚਾਨਾ ਹਥੀਂ ਕਰਨ ਮਗਰੋਂ ਅਰਦਾਸ ਨਾਲ ਸਮਾਗਮ ਦੀ ਸਮਾਪਤੀ ਸੀ।

**ਸਾਊਥਾਲ 25 ਜੁਲਾਈ**-ਇਸ ਦਿਨ ਸ਼ਨੀਵਾਰ ਦੇ ਸਮਾਗਮ ਦਾ ਆਰੰਭ ਸ਼ਾਮ ਦੇ ਨਾਮ ਸਿਮਰਨ ਨਾਲ ਹੋਇਆ। ਉਪਰੰਤ ਉਸਤਾਦ ਹਰਭਜਨ ਸਿੰਘ ਤੇ ਸਾਥੀਆਂ ਨੇ ਰਸ ਭਿੰਨਾ ਕੀਰਤਨ ਕੀਤਾ- ***ਬਰਸੁ ਮੇਘ ਜੀ ਤਿਲੁ ਬਿਲਮੁ ਨ ਲਾਉ।।***

ਅੱਜ ਦੀ ਵਿਸ਼ੇਸ਼ ਗੱਲ ਸਿਆਣ ਬੱਚਿਆਂ ਦਾ ਸ਼ਬਦ ਗਾਇਨ ਸੀ। ਬੱਚੀ ਨਿਮਰਤ ਕੌਰ ਸਿਆਣ ਹਾਰਮੋਨੀਅਮ ਤੇ ਕਾਕਾ ਜੀਵਨ ਸਿੰਘ ਸਿਆਣ ਤਬਲੇ ਉਤੇ, ਉਹਨਾਂ ਨੇ ਬੜੇ ਹੀ ਸੁਰੀਲੇ ਤੇ ਰਸੀਲੇ ਢੰਗ ਨਾਲ ਰੂਪਕ ਤਿੰਨ ਤਾਲ ਵਿਚ ਸ਼ਬਦ ਗਾਇਨ ਕੀਤਾ- ***ਘਾਨੁ ਗਰਜਤ ਗੋਬਿੰਦ ਰੂਪ*** ਅਤੇ ਸੰਗਤ ਦਾ ਅਸ਼ੀਰਵਾਦ ਪ੍ਰਾਪਤ ਕੀਤਾ।

# ਸ੍ਰੀ ਸਤਿਗੁਰੂ ਜੀ ਦਾ ਬ੍ਰਿਸਬੇਨ (ਆਸਟ੍ਰੇਲੀਆ) ਦੌਰਾ... (ਬਾਕੀ ਸਫਾ 1 ਦੀ)



**ਸ੍ਰੀ ਸਤਿਗੁਰੂ ਜੀ ਸੰਤ ਕੁਲਦੀਪ ਸਿੰਘ ਦੇ ਗ੍ਰਿਹ ਵਿਖੇ ਦਰਸ਼ਨ ਦਿੰਦੇ ਹੋਏ।**



**ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਆਪਨੀ ਹਾਜ਼ਰੀ ਲਾਉਂਦੇ ਯਾਦਵਿੰਦਰ ਸਿੰਘ ਅਤੇ ਉਹਨਾਂ ਦੀ ਪਤਨੀ।**



**ਸ੍ਰੀ ਸਤਿਗੁਰੂ ਜੀ ਬ੍ਰਿਸਬੇਨ ਦੇ ਵਸਨੀਕ ਪ੍ਰਵੀਨ ਸਿੰਘ ਦੇ ਪਰਿਵਾਰ ਨੂੰ ਖੁਸ਼ੀਆਂ ਬਖਸ਼ਦੇ ਹੋਏ।**

7 ਜੁਲਾਈ 2015 ਨੂੰ ਤਕਰੀਬਨ 7.15 ਸ਼ਾਮ ਨੂੰ ਇਸ ਸੁੰਦਰ ਧਰਤੀ ਨੂੰ ਨਾਮਧਾਰੀ ਪੰਥ ਦੇ ਵਰਤਮਾਨ ਸਿਰਤਾਜ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਹੋਈ। ਸ੍ਰੀ ਸਤਿਗੁਰੂ ਜੀ ਅਤੇ ਮਾਤਾ ਚੰਦ ਕੌਰ ਜੀ ਸਹਿਤ ਆਏ ਸਾਰੇ ਜਥੇ ਦਾ ਸੁਆਗਤ ਕਰਨ ਲਈ ਸਥਾਨਕ ਵਸਨੀਕਾਂ ਦੇ ਨਾਲ ਮੈਲਬਾਰਨ ਤੋਂ ਆਏ ਸੇਵਾਦਾਰ ਨੌਜਵਾਨਾਂ ਨੇ ਸ੍ਰੀ ਹਜ਼ੂਰ ਦੇ ਚਰਨ ਪਰਸੇ। ਸੂਬਾ ਸਤਨਾਮ ਸਿੰਘ ਧਰਮ ਪਤਨੀ ਰਾਨੀ ਅਤੇ 4 ਲੜਕਿਆਂ ਸਹਿਤ ਬ੍ਰਿਸਬੇਨ ਹੀ ਨਿਵਾਸ ਰਖਦੇ ਹਨ ਜਿਥੇ ਸ੍ਰੀ ਹਜ਼ੂਰ ਅਤੇ ਬਾਕੀ ਪਰਿਵਾਰ ਅਤੇ ਸੇਵਕਾਂ ਦੇ ਡੇਰੇ ਕੀਤੇ ਜਾਣੇ ਸਨ ਅਤੇ ਸੋਧੀਆਂ ਦੇ ਜਲ ਪਾਣੀ ਦਾ ਇਥੇ ਹੀ ਪ੍ਰਬੰਧ ਹੋਣ ਕਾਰਨ ਸੋਧੀਆਂ ਨੂੰ ਵੀ ਹਵਾਈ ਅੱਡਿਓਂ ਸਿੱਧਾ ਸੂਬਾ ਜੀ ਦੇ ਘਰ ਲਿਆਂਦਾ ਗਿਆ। ਸੂਬਾ ਜੀ ਦੀਆਂ ਗੁੱਡੀਆਂ ਨੇ ਬੜੇ ਆਧੁਨਿਕ ਤਰੀਕੇ ਨਾਲ, ਸਾਜ ਸਜਾਵਟ ਅਤੇ ਸੋਧ ਮਰਯਾਦਾ ਦੇ ਬਣਾਏ ਪਦਾਰਥ ਸ੍ਰੀ ਸਤਿਗੁਰੂ ਜੀ ਨੂੰ ਭੇਟ ਕੀਤੇ। ਬੀਬੀ ਰਾਣੀ ਦੀ ਅਗਵਾਂਈ ਵਿਚ ਵਰਿਆਮ ਹਜ਼ੂਰੀ ਲਾਂਗਰੀ, ਰੁਪਿੰਦਰ ਸਿੰਘ ਮੈਲਬਾਰਨ, ਜਤਿੰਦਰ ਜੌਹਲ ਨੇ ਸਭ ਦੇ ਸੁਆਗਤ ਉਪਰੰਤ ਪਦਾਰਥ ਛਕਾ ਤ੍ਰਿਪਤ ਕੀਤਾ। ਬਾਕੀ ਆਈ ਸਾਰੀ ਸੰਗਤ ਦੇ ਛਕਣ ਦਾ ਇੰਤਜਾਮ ਬੁਕ ਕੀਤੇ ਵਿਸ਼ੇਸ਼ ਹਾਲ ਵਿਚ ਸੀ।

ਕੁਝ ਇੰਤਜਾਮ ਜਿਹੜੇ ਦੌਰੇ ਨੂੰ ਸਫਲ ਬਣਾਉਣ ਲਈ ਸੂਬਾ ਜੀ ਦੀ ਅਗਵਾਈ ਵਿਚ ਕੀਤੇ ਗਏ। ਪ੍ਰੋਗਰਾਮ ਕਰਨ ਲਈ ਸੂਬਾ ਜੀ ਦੇ ਘਰ ਤੋਂ 20 ਕੁ ਮਿੰਟ ਦੀ ਦੂਰੀ ਤੇ Forest Lake community Hall ਨੂੰ ਬੁਕ ਕੀਤਾ ਗਿਆ ਸੀ। ਇਥੇ ਹੀ ਸਥਾਨਕ ਨੌਜਵਾਨਾਂ ਅਤੇ ਬੀਬੀਆਂ ਨੇ ਮਿਲਕੇ ਸੇਵਾ ਦਾ ਐਸਾ ਨਮੂਨਾ ਪੇਸ਼ ਕੀਤਾ ਕਿ ਕਹਿਣ ਤੋਂ ਬਾਹਰ ਹੈ। ਪਰਥ ਵਾਂਗ ਇਥੇ ਵੀ ਕਿਰਾਏ ਦੀਆਂ ਗੱਡੀਆਂ ਅਤੇ ਨਿਜੀ ਕਾਰਾਂ ਮਹਿਮਾਨਾਂ ਦੇ ਆਵਾ ਗਮਨ ਵਿਚ ਸਹਾਈ ਹੁੰਦੀਆਂ। ਕੁਝ ਗੱਡੀਆਂ ਸਤਿਗੁਰੂ ਜੀ ਦੇ ਕਾਫਲੇ ਵਿਚ ਸੇਵਾ ਰਤ ਰਹਿੰਦੀਆਂ।

ਕੁਝ ਵਿਅਕਤੀਆਂ ਦੇ ਨਾਮ ਜਿਹੜੇ ਮੈਲਬਾਰਨ ਤੋਂ ਆਏ ਸਨ ਅਤੇ ਅਗੇ ਕਾਫਲੇ ਵਿਚ ਸ਼ਾਮਲ ਹੋਏ ਸਨ–

ਸਤਨਾਮ ਸਿੰਘ ਲਾਂਗਰੀ ਦਾ ਲੜਕਾ ਗੁਰਮੁਖ ਸਿੰਘ ਅਤੇ ਇਸਦੀ ਸਿੰਘਣੀ, ਗਿਆਨੀ ਜੋਗਿੰਦਰ ਸਿੰਘ ਜੀਤਾ, ਬੀਬੀ ਸਿੰਦਰ ਕੌਰ ਦਿੱਲੀ ਅਤੇ ਇਹਨਾਂ ਦੇ ਪਤੀ ਸੰਤ ਪ੍ਰੀਤਮ ਸਿੰਘ ਇਹ ਵੀ ਮੈਲਬਾਰਨ ਤੋਂ ਜਿਹਨਾਂ ਅਗੇ ਵੀ ਨਾਲ ਜਾਣਾ ਸੀ, ਸੰਤੋਖ ਸਿੰਘ ਬੰਗਲੌਰ ਵਾਲੇ ਸੁਖਦੇਵ ਸਿੰਘ ਦਾ ਲੜਕਾ।

**8 ਜੁਲਾਈ 2015**

ਆਸਾ ਦੀ ਵਾਰ ਵਿਚ ਸ੍ਰੀ ਹਜ਼ੂਰ ਦੇ ਚਰਨਾਂ ਦਾ ਲਾਹਾ ਲੈਣ ਲਈ ਸਾਰੀ ਸੰਗਤ ਬੁਕ ਕੀਤੇ ਹਾਲ ਵਿਚ ਪਹੁੰਚ ਕੀਤੀ। ਹਜ਼ੂਰੀ ਰਾਗੀ ਬਲਵੰਤ ਸਿੰਘ ਦੇ ਜਥੇ ਦੁਆਰਾ ਆਸਾ ਦੀ ਵਾਰ ਵਿਚ ਗਾਇਨ ਕੀਤੇ ਸ਼ਬਦਾਂ ਦਾ ਵੇਰਵਾ–

***– ਰਾਖੁ ਪਿਤਾ ਪ੍ਰਭ ਮੇਰੇ***
***ਮੋਹਿ ਨਿਰਗੁਨੁ ਸਭ ਗੁਨ ਤੇਰੇ।।***

ਆਸਾ ਦੀ ਵਾਰ ਦੇ ਭੋਗ ਉਪਰੰਤ ਸ੍ਰੀ ਹਜ਼ੂਰ ਦੁਆਰਾ ਸੈਰ ਕਰਨ ਦੀ ਰਜ਼ਾ ਬਣੀ। ਸੂਬਾ ਜੀ ਦੇ ਘਰ ਦੇ ਲਾਗੇ ਹੀ ਬਹੁਤ ਖੂਬਸੂਰਤ ਅਤੇ ਵਡੇ ਵਲੇਵੇ ਵਾਲੀ ਪਾਰਕ ਸੀ ਜਿਸ ਵਿਚ ਬਣੀਆਂ ਝੀਲਾਂ, ਬਾਗਬਾਨੀ, ਸੈਰ ਕਰਨ ਲਈ ਵਿਸ਼ੇਸ਼ ਮਾਰਗ, ਸੈਰ ਕਰਨ ਆਇਆਂ ਨੂੰ ਮਨਾ ਖਿਚਵਾਂ ਮਾਹੌਲ ਬਣਾ ਦਿੰਦੀਆਂ ਹਨ। ਸ੍ਰੀ ਹਜ਼ੂਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਯਾਦਗਾਰੀ ਪਲਾਂ ਦੇ ਇਤਿਹਾਸ ਦੇ ਅਤੇ ਹਾਸ ਰਸ ਦੇ ਬਚਨ ਬਿਲਾਸ ਕਰਦਿਆਂ ਤਕਰੀਬਨ 4–5 ਕਿਲੋਮੀਟਰ ਸੈਰ ਦਾ ਆਨੰਦ ਮਾਣਿਆ।

ਸ਼ਾਮੀ 7 ਤੋਂ 8 ਨਾਮ ਸਿਮਰਨ ਦੌਰਾਨ ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਕੀਤੀ। ਸੰਥਾ ਸੀ –ਸਤਿਗੁਰੂ ਜਗਜੀਤ ਜੀ ਦੁਆਰਾ ਸਿਖੀ ਦਾ ਪ੍ਰਚਾਰ, ਪ੍ਰਸਾਰ, ਗੁਰਸਿਖ ਲਈ ਨਿਮਰਤਾ ਸੁਭਾਅ

***ਕਬੀਰ ਰੋੜਾ ਹੋਇ ਰਹੁ ਬਾਟ ਕਾ***
***ਤਜਿ ਮਨ ਕਾ ਅਭਿਮਾਨ।।***

**ਮਿਤੀ 9–7–2015**–ਆਸਾ ਦੀ ਵਾਰ ਦੇ ਕੀਰਤਨ ਸਮੇਂ 5 ਤੋਂ 7 ਸ੍ਰੀ ਹਜ਼ੂਰ ਦੇ ਦਰਸ਼ਨਾਂ ਦਾ ਆਨੰਦ ਮਾਣਦੀ ਸਮੂਹ ਸੰਗਤ ਹਾਜ਼ਰ ਹੋਈ। ਆਧਮਿਕਤਾ ਨਾਲ ਸਰਾਬੋਰ ਵਾਤਾਵਰਨ ਵਿਚ ਮਦਮਸਤ ਕਰ ਦੇਣ ਵਾਲੇ ਕੀਰਤਨ ਵਿਚ ਰਾਗੀਆਂ ਦੁਆਰਾ ਗਾਇਨ ਕੀਤੇ ਸ਼ਬਦਾਂ ਦੇ ਭਾਵ ਪਾਠਕਾਂ ਦੇ ਮਨ ਦੀ ਅਵਸਥਾ ਨੂੰ ਵੀ ਅਸਰ ਜ਼ਰੂਰ ਪਹੁੰਚਾਉਣਗੇ।

***ਸਤਿਗੁਰ ਆਇਓ ਸਰਣਿ ਤੁਹਾਰੀ***
***ਮਿਲੈ ਸੂਖੁ ਨਾਮੁ ਹਰਿ ਸੋਭਾ***
***ਚਿੰਤਾ ਲਾਹਿ ਹਮਾਰੀ।।***


ਸ਼ਾਮ ਦੇ ਨਾਮ ਸਿਮਰਨ ਵਿਚ ਸੰਤ ਗੁਰੂ ਬਚਨ ਸਿੰਘ ਨੇ ਕਥਾ ਕੀਤੀ ਜਿਸ ਦੀ ਸੰਥਾ ਮਨੁਖ ਨੂੰ ਕਰਮ ਕਾਂਡਾਂ ਤੋਂ ਹਟ ਕੇ ਗੁਰਸਿਖੀ ਮਾਰਗ ਦੇ ਅਸੂਲਾਂ ਬਾਰੇ ਦੱਸਿਆ। ਨਾਮ ਦੀ ਮਹਿਮਾ ਦੱਸੀ, ਸਤਿਗੁਰੂ ਤੋਂ ਆਤਮਕ ਗਿਆਨ ਪ੍ਰਾਪਤ ਹੁੰਦਾ ਹੈ। ਮਨ ਨੂੰ ਵਸ ਕਰਨ ਦਾ ਮੰਤਰ ਕੇਵਲ ਸਤਿਗੁਰੂ ਤੋਂ ਪ੍ਰਾਪਤ ਹੁੰਦਾ ਹੈ। ਰਾਗੀ ਜਥੇ ਨੇ ਸ਼ਬਦ ਗਾਇਨ ਕੀਤੇ।

ਉਸ ਤੋਂ ਬਾਅਦ ਸਤਿਗੁਰੂ ਜੀ ਨੇ ਬ੍ਰਿਸਬੇਨ ਦੀ ਸਾਧ ਸੰਗਤ ਦੇ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਕੀਤੀ ਕਿਉਂਕਿ ਅਗਲੇ ਦਿਨ 10 ਜੁਲਾਈ ਨੂੰ ਸਵੇਰੇ ਸਤਿਗੁਰੂ ਜੀ ਨੇ ਬ੍ਰਿਸਬੇਨ ਤੋਂ ਵਿਦਾ ਲੈ ਸਿਡਨੀ ਨੂੰ ਚਾਲੇ ਪਾਣੇ ਸੀ। ਸੂਬਾ ਸਤਨਾਮ ਸਿੰਘ ਨੇ ਸਤਿਗੁਰੂ ਜੀ ਦਾ, ਮਾਤਾ ਜੀ ਦਾ ਤੇ ਸੰਗਤ ਦਾ ਧੰਨਵਾਦ ਕੀਤਾ ਅਤੇ ਫਿਰ ਦਰਸ਼ਨ ਦੇਣ ਦੀ ਅਰਜ਼ ਵੀ ਗੁਜਾਰੀ।

**–ਹਰਪਾਲ ਸਿੰਘ**



**ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਬੇਨਤੀ ਕਰਦੇ ਹੋਏ ਸੰਤ ਪਰਮਜੀਤ ਸਿੰਘ।**



**ਬ੍ਰਿਸਬੇਨ ਆਸਟ੍ਰੇਲੀਆ ਵਿਖੇ ਹੋਏ ਪ੍ਰੋਗਰਾਮ ਦੌਰਾਨ ਬੈਠੀ ਸਾਧ ਸੰਗਤ।**

RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17



ਅਨੰਦ ਕਾਰਜ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੇ ਕਾਕਾ ਰੌਣਕ ਸਿੰਘ ਪੁੱਤਰ ਸੰਤ ਰਜਿੰਦਰ ਸਿੰਘ ਭੰਗਵਾਂ (Amritsar), ਬੀਬੀ ਗੁਰਨਾਮ ਕੌਰ ਪੁੱਤਰੀ ਸੰਤ ਗੁਰਿੰਦਰ ਸਿੰਘ ਭੱਟੀ U.S.A



ਸ੍ਰੀ ਸਤਿਗੁਰੂ ਜੀ ਨੇ ਚੰਡੀਗੜ੍ਹ ਵਿਖੇ ਸੂਬਾ ਪਰਮਜੀਤ ਸਿੰਘ ਦੇ ਗ੍ਰਹਿ ਵਿਖੇ ਦਰਸ਼ਨ ਦੇਣ ਅਤੇ ਜਲ ਪਾਣੀ ਛਕਣ ਦੀ ਕਿਰਪਾ ਕੀਤੀ, ਨਾਲ ਹਨ ਸੂਬਾ ਪਰਮਜੀਤ ਸਿੰਘ ਭਰਾ ਸੰਤ ਜਸਬੀਰ ਸਿੰਘ, ਬੀਬੀ ਪਰਮਜੀਤ ਕੌਰ ਅਤੇ ਬੱਚੀ ਅਮਾਨਤ ਕੌਰ ਆਦਿ



ਸੰਤ ਨਗਰ (ਜ਼ਿਲਾ ਸਰਸਾ) ਪਰਤਾਪ ਮੰਦਰ ਵਿੱਚ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਬੀਬੀ ਕਰਤਾਰ ਕੌਰ ਦੇ ਭੋਗ ਸਮੇਂ ਸਾਧ-ਸੰਗਤ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ



ਸਾਊਥਾਲ ਯੂ.ਕੇ. ਸੂਬਾ ਕੁਲਦੀਪ ਸਿੰਘ ਚਾਨਾ ਦੇ ਗ੍ਰਹਿ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਅਖੰਡ ਪਾਠ ਕਰਦੇ ਸਰਵ ਸੰਤ ਮਨਜੀਤ ਸਿੰਘ, ਅਜੀਤ ਸਿੰਘ ਸੱਗੂ, ਮਹਿੰਦਰ ਸਿੰਘ, ਸੂਬਾ ਮਨਜੀਤ ਸਿੰਘ, ਰਜਿੰਦਰ ਸਿੰਘ ਚਾਨਾ ਅਤੇ ਗੁਰਤੇਜ ਪਾਲ ਸਿੰਘ ਚਾਨਾ ਆਦਿ



ਸ੍ਰੀ ਸਤਿਗੁਰੂ ਜੀ ਨੇ ਪਰਥ (ਆਸਟ੍ਰੇਲੀਆ) ਦੇ ਵਸਨੀਕ ਨੌਜਵਾਨ ਬੱਚਿਆਂ ਨੂੰ ਗੁਰਸਿੱਖੀ ਦੇ ਚਿੰਨ੍ਹ ਬਖ਼ਸ਼ਿਸ਼ ਕੀਤੇ




ਸਾਊਥਾਲ ਯੂ.ਕੇ. ਵਿਖੇ ਹੋਏ ਸਪਤਾਹਿਕ ਸਮਾਗਮ ਸਮੇਂ ਬੱਚੀ ਨਿਮਰਤ ਕੌਰ ਸਿਆਣ (ਹਾਰਮੋਨੀਅਮ) ਤੇ ਕਾਕਾ ਜੀਵਨ ਸਿੰਘ ਸਿਆਣ (ਤਬਲਾ) ਬੜੇ ਹੀ ਸੁਰੀਲੇ ਢੰਗ ਨਾਲ ਰੂਪਕ ਤਿੰਨ ਤਾਲ ਵਿੱਚ ਸ਼ਬਦ ਗਾਇਨ ਕਰਦੇ ਹੋਏ



ਮੋਹਾਲੀ ਵਿਖੇ ਸੂਬਾ ਪਰਮਜੀਤ ਸਿੰਘ ਦੀ ਅਗਵਾਈ ਹੇਠ ਮੈਡੀਕਲ ਕੈਂਪ ਲਾਇਆ ਗਿਆ, ਨਾਮਧਾਰੀ ਸਾਧ-ਸੰਗਤ ਇਸ ਦਾ ਲਾਹਾ ਲੈਂਦੀ ਹੋਈ

Subscriber's Address

Type setting by: CADCON
Designed by: SHWETA GRAPHICS

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਨ ਦਾ ਸਮਾਂ-ਸਵੇਰੇ 5. 49 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 7.03 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Ravindra Offset Press, A-26, Phase II, Narayana, New Delhi-110028 and published from Namdhari Gurdwara, Ramesh Nagar, New delhi-110015. Editor-Mr.Harvendra Singh Hanspal.
Phone: +91-9212318103, Email: satjugweekly@gmail.com
Issue No.23 of 13 August 2015